ਸੂਚਨਾ

ਸਮੂਹ ਪਾਠਕਾਂ, ਏਜੰਟ ਸਾਹਿਬਾਨ ਅਤੇ ਇਸ਼ਤਿਹਾਰੀ ਏਜੰਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੋਜ਼ਾਨਾ 'ਆਜ਼ਾਦ ਸੋਚ' ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਕੋਰਟ ਨੋਟਿਸਾਂ ਨੂੰ ਪ੍ਰਕਾਸ਼ਿਤ ਕਰਨ ਲਈ ਪੰਜਾਬ ਦੇ ਨਾਲ ਨਾਲ ਹੁਣ ਹਰਿਆਣਾ ਸੂਬੇ ਦੀਆਂ ਅਦਾਲਤਾਂ ਲਈ ਵੀ ਮਾਨਤਾ ਪ੍ਰਾਪਤ ਹੋ ਚੁੱਕਿਆ ਹੈ। ਹਰਿਆਣਾ ਸੂਬੇ ਦੀਆਂ ਅਦਾਲਤਾਂ ਵਿਚੋਂ ਜਾਰੀ ਕੋਰਟ ਨੋਟਿਸ ਪ੍ਰਕਾਸ਼ਿਤ ਕਰਵਾਉਣ ਲਈ ਸਾਡੇ ਹੇਠ ਲਿਖੇ ਪ੍ਰਤੀਨਿੱਧ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਰਾਕੇਸ਼ ਰੋਇਲ (ਇਸ਼ਤਿਹਾਰ ਮੈਨੇਜਰ)
ਮੋ: 86995-69067

ਹਰ ਖ਼ਬਰ ਤੱਕ ਪਹੁੰਚ, ਪੜ੍ਹੋ ਰੋਜ਼ਾਨਾ ਆਜ਼ਾਦ ਸੋਚ

ਆਜ਼ਾਦ ਸੋਚ ™

www.facebook.com/Azadsoch
www.youtube.com/AzadSoch

Postal No. PB/PTA/ (055) 2023-25
R.N.I N O. 61549/92
Website : www.azadsoch.in
Mail Us at : azadsoach92@gmail.com
(ਕੇਵਲ ਖ਼ਬਰਾਂ ਲਈ)
azadsochadvt@gmail.com
(ਕੇਵਲ ਇਸ਼ਤਿਹਾਰਾਂ ਲਈ)

ਸਾਲ (Year) 33 | ਅੰਕ (Vol.) 287 | ਮੁੱਲ (Rate) 2.00 ਰੁਪਏ | ਸੰਗਰੂਰ ਤੋਂ ਪ੍ਰਕਾਸ਼ਿਤ Tuesday 22 October, 2024 | ਮੰਗਲਵਾਰ 22 ਅਕਤੂਬਰ , 2024

ਮੁੱਖ ਸੰਪਾਦਕ : ਸੁਰਿੰਦਰ ਕੁਮਾਰ 93566-05100, ਅਨਿਲ ਕੁਮਾਰ ਗਰਗ : 9317755000 ਡਾਕ ਪਤਾ : ਸਾਹਮਣੇ ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ, ਨੇੜੇ 24 ਨੰ: ਫਾਟਕ ,ਧਾਮੋ ਮਾਜਰਾ ਰੋਡ ਪਟਿਆਲਾ

ਮੁੱਖ ਮੰਤਰੀ ਵੱਲੋਂ ਮੰਡੀਆਂ ਵਿੱਚੋਂ ਝੋਨੇ ਦੀ ਲਿਫਟਿੰਗ ਜੰਗੀ ਪੱਧਰ 'ਤੇ ਕਰਨ ਦੇ ਹੁਕਮ

• ਅਧਿਕਾਰੀਆਂ ਨੂੰ ਮੰਡੀਆਂ ਵਿੱਚ ਝੋਨੇ ਦੀ ਚੁਕਾਈ ਛੇਤੀ ਤੋਂ ਛੇਤੀ ਯਕੀਨੀ ਬਣਾਉਣ ਦੇ ਆਦੇਸ • ਅਨਾਜ ਦੀ ਖਰੀਦ ਅਤੇ ਲਿਫਟਿੰਗ ਵਿੱਚ ਵਿਘਨ ਪਾਉਣ ਦੀ ਕੋਸ਼ਿਸ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ

ਆਜ਼ਾਦ ਸੋਚ ਬਿਊਰੋ
ਚੰਡੀਗੜ੍ਹ, 20 ਅਕਤੂਬਰ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਅਧਿਕਾਰੀਆਂ ਨੂੰ ਸੂਬੇ ਭਰ ਦੀਆਂ ਮੰਡੀਆਂ ਵਿੱਚ ਖਰੀਦੇ ਜਾ ਰਹੇ ਝੋਨੇ ਦੀ ਤੇਜੀ ਨਾਲ ਲਿਫਟਿੰਗ ਯਕੀਨੀ ਬਣਾਉਣ ਦੇ ਆਦੇਸ ਦਿੱਤੇ ਹਨ।

ਸੂਬੇ ਵਿੱਚ ਖਰੀਦ ਕਾਰਜਾਂ ਦਾ ਜਾਇਜਾ ਲੈਣ ਲਈ ਹੋਈ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਝੋਨੇ ਦੀ ਚੁਕਾਈ ਛੇਤੀ ਤੋਂ ਛੇਤੀ ਕੀਤੀ ਜਾਵੇ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਕਿਸਾਨਾਂ ਨੇ ਦੇਸ ਨੂੰ ਅੰਨ ਉਤਪਾਦਨ ਵਿੱਚ ਆਤਮ ਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦੇਸ ਦੀ ਅਨਾਜ ਸਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਡੇ ਅੰਨ ਦਾਤਿਆਂ ਨੇ ਆਪਣੇ ਬੇਸਕੀਮਤੀ ਕੁਦਰਤੀ ਵਸੀਲੇ ਪਾਣੀ ਅਤੇ ਜਰਖੇਜ ਮਿੱਟੀ ਨੂੰ ਦਾਅ ਉੱਤੇ ਲਾ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸਾਲ ਵੀ ਸੂਬੇ ਦੇ ਕਿਸਾਨਾਂ ਵੱਲੋਂ 185 ਲੱਖ ਮੀਟ੍ਰਿਕ ਟਨ ਝੋਨੇ ਦਾ ਯੋਗਦਾਨ ਕੌਮੀ ਭੰਡਾਰ ਵਿੱਚ ਪਾਉਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਦਿੱਕਤ ਨਾ ਆਉਣ ਦਿੱਤੀ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਝੋਨੇ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਸੰਜੀਦਗੀ ਨਾਲ ਜੁਟੀ ਹੋਈ ਹੈ। ਉਨ੍ਹਾਂ ਨੇ ਸਪੱਸਟ ਸਬਦਾਂ ਵਿੱਚ ਕਿਹਾ ਕਿ ਮੰਡੀਆਂ ਵਿੱਚ ਮਿਹਨਤ ਨਾਲ ਪਾਲੀ ਝੋਨੇ ਦੀ ਫਸਲ ਦੀ ਖੱਜਲ-ਖੁਆਰੀ ਹੋਣ ਦੀ ਹਰਗਿਜ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਇਸ ਲਈ ਜ਼ਿੰਮੇਵਾਰ ਪਾਏ ਗਏ ਅਧਿਕਾਰੀਆਂ ਖ਼ਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਝੋਨੇ ਦੀ ਖਰੀਦ ਲਈ ਪੁਖਤਾ ਪ੍ਰਬੰਧ ਕੀਤੇ ਹਨ ਜਿਸ ਲਈ ਸੂਬੇ ਭਰ ਵਿੱਚ 2651 ਮੰਡੀਆਂ ਸਥਾਪਿਤ ਕੀਤੀਆਂ ਗਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਰ.ਬੀ.ਆਈ. ਵੱਲੋਂ ਸੀ.ਸੀ.ਐਲ. ਤਹਿਤ 41,378 ਕਰੋੜ ਰੁਪਏ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਕਿਸਾਨਾਂ ਨੂੰ ਸਮੇਂ ਸਿਰ ਭੁਗਤਾਨ ਜਾਰੀ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿੱਚੋਂ ਝੋਨੇ ਦੀ ਲਿਫਟਿੰਗ ਲਈ ਜੰਗੀ ਪੱਧਰ 'ਤੇ ਕਰਨ ਲਈ ਕਦਮ ਚੁੱਕੇ ਜਾਣ।

ਇਸ ਦੌਰਾਨ ਮੀਟਿੰਗ ਵਿੱਚ ਇਹ ਵੀ ਦੱਸਿਆ ਗਿਆ ਕਿ ਸੂਬੇ ਦੀਆਂ ਮੰਡੀਆਂ ਵਿੱਚ ਹੁਣ ਤੱਕ 24.88 ਲੱਖ ਮੀਟ੍ਰਿਕ ਟਨ ਦੀ ਆਮਦ ਦਰਜ ਕੀਤੀ ਗਈ ਹੈ, ਜਿਸ ਵਿੱਚੋਂ 22.22 ਲੱਖ ਮੀਟ੍ਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਅਦਾਇਗੀ ਲਈ ਪਹਿਲਾਂ ਹੀ 4027 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ।

ਉਦਯੋਗਪਤੀਆਂ ਦੀ ਸਲਾਹ ਨਾਲ ਪੰਜਾਬ ਵਿੱਚ ਸਨਅਤ ਪੱਖੀ ਨੀਤੀਆਂ ਲਾਗੂ ਕਰਾਂਗੇ: ਸੌਂਦ

• ਉਦਯੋਗ ਮੰਤਰੀ ਵੱਲੋਂ ਸਨਅਤਕਾਰਾਂ ਨੂੰ ਪੰਜਾਬ ਦੀ ਤਰੱਕੀ 'ਚ ਯੋਗਦਾਨ ਪਾਉਣ ਦੀ ਅਪੀਲ
• ਆਈ.ਟੀ. ਉਦਯੋਗ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਕੇ ਜਾਣ ਦੀਆਂ ਕੋਸ਼ਿਸ਼ਾਂ ਤੇਜ਼

ਆਜ਼ਾਦ ਸੋਚ ਬਿਊਰੋ
ਚੰਡੀਗੜ੍ਹ, 20 ਅਕਤੂਬਰ

ਪੰਜਾਬ ਦੇ ਉਦਯੋਗ ਤੇ ਵਣਜ, ਪੂੰਜੀ ਨਿਵੇਸ਼, ਕਿਰਤ ਅਤੇ ਸੈਰ ਸਪਾਟਾ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸੋਮਵਾਰ ਨੂੰ ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀ (ਸੀਆਈਆਈ) ਦੇ ਪ੍ਰੋਗਰਾਮ ਵਿੱਚ ਸਨਅਤਕਾਰ ਮਿਲਣੀ ਵਿੱਚ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਉਨ੍ਹਾਂ ਉਦਯੋਗਪਤੀਆਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਵਿੱਚ ਸਨਅਤ ਪੱਖੀ ਨੀਤੀਆਂ ਸਨਅਤਕਾਰਾਂ ਦੀ ਸਲਾਹ ਨਾਲ ਲਾਗੂ ਕੀਤੀਆਂ ਜਾਣਗੀਆਂ ਤਾਂ ਜੋ ਉਦਯੋਗਪਤੀ ਬਿਨਾਂ ਕਿਸੇ ਖੱਜਲ ਖੁਆਰੀ ਦੇ ਕੰਮਕਾਰ ਕਰ ਸਕਣ।

ਸੀਆਈਆਈ ਦੇ ਸੈਕਟਰ 31 ਵਿਚਲੇ ਦਫਤਰ ਵਿੱਚ ਆਪਣੇ ਸੰਬੋਧਨ ਦੌਰਾਨ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਉਦਯੋਗਾਂ ਦੀ ਤਰੱਕੀ ਲਈ ਗੰਭੀਰ ਕੋਸ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਇਨਵੈਸਟ ਪੰਜਾਬ ਦੇ ਪੋਰਟਲ ਨੂੰ ਬਾਕੀ ਸਬੰਧਤ ਵਿਭਾਗਾਂ ਦੀਆਂ ਵੈਬਸਾਈਟਾਂ ਨਾਲ ਲਿੰਕ ਕਰ ਰਹੇ ਹਾਂ ਤਾਂ ਜੋ ਵੱਖ ਵੱਖ ਤਰ੍ਹਾਂ ਦੀਆਂ ਪ੍ਰਵਾਨਗੀਆਂ ਲੈਣ ਵਿੱਚ ਸਨਅਤਕਾਰਾਂ ਨੂੰ ਕੋਈ ਮੁਸ਼ਕਿਲ ਨਾ ਆਵੇ।

ਉਨ੍ਹਾਂ ਕਿਹਾ ਕਿ ਪਿਛਲੇ ਢਾਈ ਸਾਲ ਵਿੱਚ ਪੰਜਾਬ 'ਚ 88 ਹਜ਼ਾਰ ਕਰੋੜ ਰੁਪਏ ਦੇ ਕਰੀਬ ਨਿਵੇਸ਼ ਆ ਚੁੱਕਾ ਹੈ ਅਤੇ ਇਹ ਗਤੀ ਤੇਜ਼ੀ ਨਾਲ ਜਾਰੀ ਹੈ। ਸੌਂਦ ਨੇ ਕਿਹਾ ਕਿ ਨਿਵੇਸ਼ ਲਈ ਪੰਜਾਬ ਦੀਆਂ ਨੀਤੀਆਂ ਦੇਸ਼ ਭਰ ਵਿੱਚ ਅਵੱਲ ਦਰਜੇ ਦੀਆਂ ਹਨ। ਉਨ੍ਹਾਂ ਉਦਯੋਗਪਤੀਆਂ ਨੂੰ ਪੰਜਾਬ ਦੀ ਉੱਨਤੀ ਵਿੱਚ ਯੋਗਦਾਨ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਕਿਸੇ ਵੀ ਉਦਯੋਗ ਨੂੰ ਸੂਬੇ ਵਿੱਚੋਂ ਬਾਹਰ ਨਹੀਂ ਜਾਣ ਦੇਵੇਗੀ ਅਤੇ ਸਨਅਤਕਾਰਾਂ ਦੀਆਂ ਸਭ ਜ਼ਰੂਰਤਾਂ ਪੂਰੀਆਂ ਕਰਨ ਲਈ ਵਚਨਬੱਧ ਹੈ।

ਉਨ੍ਹਾਂ ਐਲਾਨ ਕੀਤਾ ਕਿ ਆਉਣ

ਵਾਲੇ ਸਮੇਂ 'ਚ ਮੋਹਾਲੀ ਨੂੰ ਆਈਟੀ ਇੰਡਸਟਰੀ ਦੇ ਖੇਤਰ ਵਿੱਚ ਨਵੀਆਂ ਬੁਲੰਦੀਆਂ ਉੱਤੇ ਲੈ ਕੇ ਜਾਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਇਸ ਮੌਕੇ ਉਦਯੋਗਪਤੀਆਂ ਨੇ ਕਈ ਸਲਾਹਾਂ ਵੀ ਦਿੱਤੀਆਂ ਅਤੇ ਆਪਣੀਆਂ ਮੁਸ਼ਕਿਲਾਂ ਵੀ ਉਦਯੋਗ ਮੰਤਰੀ ਨਾਲ ਸਾਂਝੀਆਂ ਕੀਤੀਆਂ। ਸੌਂਦ ਨੇ ਕਿਹਾ ਕਿ ਸੀਆਈਆਈ ਦੇ ਨੁਮਾਇੰਦਿਆਂ ਵੱਲੋਂ ਦਿੱਤੀਆਂ ਸਲਾਹਾਂ ਨੂੰ ਸਰਕਾਰ ਗੰਭੀਰਤਾ ਨਾਲ ਲੈਂਦੀ ਹੈ ਅਤੇ ਇਨ੍ਹਾਂ ਸਮੱਸਿਆਵਾਂ ਨੂੰ ਘੱਟ ਤੋਂ ਘੱਟ ਸਮੇਂ ਵਿੱਚ ਦੂਰ ਕਰਨ ਲਈ ਵਚਨਬੱਧ ਹਾਂ। ਕੁਝ ਨੀਤੀਆਂ, ਸੁਝਾਅ ਅਤੇ ਉਦਯੋਗਪਤੀਆਂ ਦੀਆਂ ਮੰਗਾਂ ਬਾਬਤ ਸੌਂਦ ਨੇ ਕਿਹਾ ਕਿ ਸਬੰਧਤ ਮੁੱਦਿਆਂ ਉੱਤੇ ਮੁੱਖ ਮੰਤਰੀ ਸਾਬ ?ਹ ਨਾਲ ਗੱਲ ਕਰਕੇ ਜਲਦ ਪਰਾ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਾਰੀ ਟੀਮ ÷ਸਰਕਾਰ ਤੁਹਾਡੇ ਦੁਆਰ÷ ਸਕੀਮ ਰਾਹੀਂ ਲੋਕਾਂ ਦੀਆਂ ਮੁਸ਼ਕਿਲਾਂ ਉਨ੍ਹਾਂ ਦੇ ਕੋਲ ਜਾ ਕੇ ਸੁਣਦੀ ਹੈ ਅਤੇ ਇਹੀ ਨੀਤੀ ਉਦਯੋਗਾਂ ਉੱਤੇ ਵੀ ਲਾਗੂ ਕਰਾਂਗੇ ਅਤੇ ਉਦਯੋਗਪਤੀਆਂ ਨੂੰ ਆਪਣੀਆਂ ਸਮੱਸਿਆਂਵਾਂ ਲੈਕੇ ਸਰਕਾਰੀ ਦਫ਼ਤਰਾਂ ਵਿੱਚ ਆਉਣ ਦੀ ਲੋੜ ਨਹੀਂ ਪਵੇਗੀ। ਸਰਕਾਰ ਖੁਦ ਉਨ੍ਹਾਂ ਕੋਲ ਜਾਕੇ ਸਨਅਤਕਾਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰੇਗੀ।

ਸੌਂਦ ਨੇ ਸੀਆਈਆਈ ਦੇ ਸਾਰੇ ਮੈਂਬਰਾਂ ਨੂੰ ਪੰਜਾਬ ਦੇ ਬ੍ਰਾਂਡ ਅੰਬੈਸਡਰ ਬਣਕੇ ਸੂਬੇ 'ਚ ਵੱਧ ਤੋਂ ਵੱਧ ਨਿਵੇਸ਼ ਲਿਆਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਉਦਯੋਗਪਤੀਆਂ ਨੂੰ ਕਿਰਤ ਵਿਭਾਗ ਦੀਆਂ ਕਰਮਚਾਰੀ ਪੱਖੀ ਸਕੀਮਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਕਿਰਤ ਵਿਭਾਗ ਦੀਆਂ ਅਜਿਹੀਆਂ ਬਹੁਤ ਸਾਰੀਆਂ ਸਕੀਮਾਂ ਹਨ ਜਿਨ੍ਹਾਂ ਦਾ ਫਾਇਦਾ ਉਦਯੋਗਪਤੀ ਲੈ ਸਕਦੇ ਹਨ।

ਇਸ ਤੋਂ ਪਹਿਲਾਂ ਸੀਆਈਆਈ ਪੰਜਾਬ ਦੇ ਚੇਅਰਮੈਨ ਅਭਿਸ਼ੇਕ ਗੁਪਤਾ ਨੇ ਉਦਯੋਗ ਮੰਤਰੀ ਦਾ ਸਵਾਗਤ ਕੀਤਾ ਅਤੇ ਉਦਯੋਗਾਂ ਦੀ ਉੱਨਤੀ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਪ੍ਰਸੰਸਾ ਕੀਤੀ। ਮੀਟਿੰਗ ਵਿੱਚ ਸੂਬੇ ਭਰ ਦੇ ਨਾਮੀਂ ਸਨਅਤਕਾਰਾਂ ਤੋਂ ਇਲਾਵਾ ਇਨਵੈਸਟ ਪੰਜਾਬ ਦੇ ਸੀਈਓ ਡੀਪੀਐਸ ਖਰਬੰਦਾ ਆਦਿ ਵੀ ਹਾਜ਼ਰ ਸਨ।

65ਵਾਂ ਪੁਲਿਸ ਯਾਦਗਾਰੀ ਦਿਵਸ: ਡੀਜੀਪੀ ਗੌਰਵ ਯਾਦਵ ਨੇ ਪੁਲਿਸ ਸ਼ਹੀਦਾਂ ਨੂੰ ਭੇਟ ਕੀਤੀ ਸ਼ਰਧਾਂਜਲੀ

ਡੀਜੀਪੀ ਗੌਰਵ ਯਾਦਵ ਨੇ ਲੋਕਾਂ ਨੂੰ ਸਾਰੇ ਵੱਡੇ/ਛੋਟੇ ਅਪਰਾਧਾਂ ਬਾਰੇ ਰਿਪੋਰਟ ਕਰਨ ਦੀ ਕੀਤੀ ਅਪੀਲ , ਸੀਪੀਜ਼/ਐਸਐਸਪੀਜ਼ ਨੂੰ ਤੁਰੰਤ ਐਫ.ਆਈ.ਆਰ. ਦਰਜ ਕਰਨ ਦੇ ਆਦੇਸ਼

ਆਜ਼ਾਦ ਸੋਚ
ਆਜ਼ਾਦ ਸੋਚ ਬਿਊਰੋ
ਜਲੰਧਰ, 20 ਅਕਤੂਬਰ

ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਅੱਤਵਾਦੀਆਂ ਅਤੇ ਅਪਰਾਧੀਆਂ ਨਾਲ ਲੋਹਾ ਲੈਂਦਿਆਂ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਪੁਲਿਸ ਮੁਲਾਜ਼ਮਾਂ ਨੂੰ ਸ਼ਰਧਾਂਜਲੀ ਭੇਟ ਕਰਨ ਦੇ ਮੱਦੇਨਜ਼ਰ ਸੋਮਵਾਰ ਨੂੰ ਪੰਜਾਬ ਆਰਮਡ ਪੁਲਿਸ (ਪੀ.ਏ.ਪੀ.) ਹੈੱਡਕੁਆਰਟਰ ਵਿਖੇ 65ਵਾਂ ਸੂਬਾ ਪੱਧਰੀ ਪੁਲਿਸ ਯਾਦਗਾਰੀ ਦਿਵਸ ਮਨਾਇਆ ਗਿਆ।

ਪੁਲਿਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ (ਡੀ.ਜੀ.ਪੀ.) ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਇੱਕ ਬੇਮਿਸਾਲ ਫੋਰਸ ਹੈ, ਜਿਸ ਨੇ ਸ਼ਾਂਤੀ ਅਤੇ ਅਸਥਿਰਤਾ ਦੇ ਦੌਰ ਵਿੱਚ ਦੇਸ਼ ਦੀ ਸੇਵਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਕਰਮੀਆਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਅਤੇ ਲੋਕਾਂ ਨੂੰ ਸੁਰੱਖਿਆ ਦੇਣ ਲਈ ਆਪਣੀਆਂ ਜਾਨਾਂ ਵਾਰੀਆਂ ਹਨ। ਉਨ੍ਹਾਂ ਕਿਹਾ ਕਿ ਸਤੰਬਰ 1981 ਤੋਂ ਹੁਣ ਤੱਕ ਪੰਜਾਬ ਪੁਲਿਸ ਦੇ 1799 ਮੁਲਾਜ਼ਮਾਂ ਜਿਨ੍ਹਾਂ ਵਿੱਚ ਇਸ ਸਾਲ ਦੇ ਦੋ ਮੁਲਾਜ਼ਮ ਸ਼ਾਮਲ ਹਨ, ਨੇ ਆਪਣੀ ਜਾਨ ਦੇਸ਼ ਦੇ ਲੇਖੇ ਲਾਈ ।

ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਸੂਰਬੀਰਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਪੁਲਿਸ ਮੁਖੀ ਨੇ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀ ਬਦੌਲਤ ਹੀ ਅਸੀਂ ਸਾਰੇ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਆਪਣੀ ਬਹਾਦਰੀ, ਦਲੇਰੀ ਅਤੇ ਸਫਲਤਾਪੂਰਵਕ ਅੱਤਵਾਦ ਨੂੰ ਜੜ੍ਹੋਂ ਪੁੱਟਣ ਲਈ ਜਾਣੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਮਾਤ ਭੂਮੀ ਨੂੰ ਦੁਸ਼ਮਣਾਂ ਤੋਂ ਬਚਾਉਣ ਲਈ ਪੰਜਾਬ ਪੁਲਿਸ ਹਮੇਸ਼ਾ ਦ੍ਰਿੜ ਤੇ ਮੋਹਰੀ ਰਹੀ ਹੈ। ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਸਰਹੱਦੀ ਸੂਬੇ ਵਿੱਚ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣ ਲਈ ਲਗਾਤਾਰ ਯਤਨ ਕਰਦੀ ਰਹੇਗੀ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਸਟਰੀਟ ਕ੍ਰਾਈਮ ਅਤੇ ਨਸ਼ਿਆਂ ਦੀ ਵਿਕਰੀ ਦੋ ਅਜਿਹੀਆਂ ਗੰਭੀਰ ਚੁਣੌਤੀਆਂ ਹਨ, ਜੋ ਸਿੱਧੇ ਤੌਰ 'ਤੇ ਆਮ ਨਾਗਰਿਕਾਂ ਨੂੰ

ਪ੍ਰਭਾਵਿਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸਟਰੀਟ ਕ੍ਰਾਈਮ ਨਾਲ ਨਜਿੱਠਣ ਲਈ, ਅਪਰਾਧ ਮੈਪਿੰਗ ਦੀ ਵਰਤੋਂ ਕਰਦੇ ਹੋਏ ਅਪਰਾਧ ਦੇ ਹੌਟਸਪੌਟਸ ਦੀ ਪਛਾਣ ਕਰਨ ਅਤੇ ਅਜਿਹੇ ਖੇਤਰਾਂ 'ਤੇ ਪੁਲਿਸ ਗਸ਼ਤ ਅਤੇ ਤਾਇਨਾਤੀ ਨੂੰ ਵਧਾਉਣ ਲਈ ਰਣਨੀਤੀ ਤਿਆਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਨਸ਼ਿਆਂ ਦੇ ਮਕੜ-ਜਾਲ ਨੂੰ ਤੋੜਨ ਲਈ ਲੋਕਾਂ ਦੇ ਸੁਹਿਰਦ ਸਹਿਯੋਗ ਨਾਲ ਨਸ਼ਿਆਂ ਦੇ ਹੌਟਸਪੌਟਸ ਦੀ ਸ਼ਨਾਖਤ ਕੀਤੀ ਜਾ ਰਹੀ ਹੈ ਅਤੇ ਨਸ਼ਾ ਵੇਚਣ ਵਾਲੀਆਂ ਥਾਵਾਂ ਬਾਰੇ ਸਿੱਧੀ ਤੇ ਪੁਖ਼ਤਾ ਜਾਣਕਾਰੀ ਹਾਸਲ ਕਰਨ ਲਈ ਸੀ.ਪੀ./ ਐਸ.ਐਸ.ਪੀਜ਼ ਵੱਲੋਂ ਜਨਤਕ ਮੀਟਿੰਗਾਂ ਕੀਤੀਆਂ

ਸਮਾਜਿਕ ਵਿਕਾਸ ਲਈ ਲੇਖਕਾਂ ਦੀ ਭੂਮਿਕਾ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ : ਸਾਬਿਰ ਅਲੀ ਜੋਸ਼ੀ

ਬਜ਼ਮ-ਏ-ਅਹਿਲ-ਏ-ਸੁਖਨ ਦੇ ਸਾਹਿਤਕ ਸੈਸ਼ਨ ਦੀ ਰਿਪੋਰਟ

ਆਜ਼ਾਦ ਸੋਚ
ਸ਼ਾਹਿਦ ਜ਼ੂਬੈਰੀ/ਮਲੇਰਕੋਟਲਾ, 20 ਅਕਤੂਬਰ

ਪ੍ਰਸਿੱਧ ਸਾਹਿਤਕ ਸੰਸਥਾ ਬਜ਼ਮ-ਏ-ਅਹਿਲ-ਏ-ਸੁਖਨ ਵੱਲੋਂ ਅਦਾਰਾ ਅਦਬੇ ਇਸਲਾਮੀ ਦੇ ਦਫ਼ਤਰ ਸ਼ੇਰਵਾਨੀ ਗੇਟ ਸਥਿਤ ਵਿਖੇ ਕਵੀ ਸੰਮੇਲ ਦਾ ਆਯੋਜਨ ਕੀਤਾ ਗਿਆ। ਇਸ ਅਦਬੀ ਮਹਿਫ਼ਿਲ ਦੀ ਪ੍ਰਧਾਨਗੀ ਉਸਤਾਦ ਸ਼ਾਇਰ ਅਨਵਾਰ ਆਜ਼ਰ, ਰਮਜ਼ਾਨ ਸਈਦ ਅਤੇ ਜਮਾਤ-ਏ-ਇਸਲਾਮੀ ਪੰਜਾਬ ਦੇ ਪ੍ਰਧਾਨ ਮੁਹੰਮਦ ਨਜ਼ੀਰ ਰਾਵਤ ਨੇ ਕੀਤੀ ਅਤੇ ਸਾਬਿਰ ਅਲੀ ਜੋਸ਼ੀ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਅਦਬੀ ਮਹਿਫ਼ਿਲ ਦੀ ਸ਼ੁਰੂਆਤ ਸ਼ਬੀਰ ਹੁਸੈਨ ਨੇ ਹਮਦ ਸੁਣਾ ਕੇ ਕੀਤੀ। ਬਜ਼ਮ-ਏ-ਅਹਿਲ-ਏ-ਸੁਖਨ ਦੇ ਖ਼ਜ਼ਾਨਚੀ ਡਾ: ਸੰਦੀਪ ਕੁਮਾਰ ਨੇ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ, ਬਜ਼ਮ ਦੇ ਜਨਰਲ ਸਕੱਤਰ ਮੁਹੰਮਦ ਇਫ਼ਤਿਖਾਰ ਨੇ ਫ਼ੈਜ਼ ਦੇ ਜੀਵਨ ਅਤੇ ਸ਼ਾਇਰੀ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਬੈਠਕ ਨੂੰ ਸੰਬੋਧਨ ਕਰਦਿਆਂ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਅਨਵਾਰ ਆਜ਼ਰ, ਰਮਜ਼ਾਨ ਸਈਦ ਅਤੇ ਮੁਹੰਮਦ ਨਜ਼ੀਰ ਰਾਵਤ ਨੇ ਸਾਹਿਤਕ ਪ੍ਰੋਗਰਾਮਾਂ ਦੀ ਮਹੱਤਤਾ ਅਤੇ ਉਪਯੋਗਤਾ ਬਾਰੇ ਚਾਨਣਾ ਪਾਇਆ। ਮੁੱਖ ਮਹਿਮਾਨ ਸਾਬਿਰ ਅਲੀ ਜੋਸ਼ੀ ਨੇ ਬਜ਼ਮ-ਏ-ਅਹਿਲ-ਏ-ਸੁਖਨ ਦੇ ਸਮੂਹ ਅਧਿਕਾਰੀਆਂ ਨੂੰ ਇਸ ਸਮਾਗਮ ਦੇ ਆਯੋਜਨ ਲਈ ਵਧਾਈ ਦਿੱਤੀ ਅਤੇ ਸਮਾਜ ਦੇ ਵਿਕਾਸ ਲਈ ਲੇਖਕਾਂ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਕਰਵਾਉਣ ਲਈ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਸਾਹਿਤਿਕ ਬੈਠਕ ਵਿੱਚ ਜਿਨ੍ਹਾਂ ਕਵੀਆਂ ਨੇ ਅਪਣਾ ਕਲਮ ਪੇਸ਼ ਕੀਤਾ ਉਨ੍ਹਾਂ ਵਿੱਚ ਅਨਵਰ ਅਜ਼ਹਰ, ਰਮਜ਼ਾਨ ਸਈਦ, ਮੁਹੰਮਦ ਰਫੀ, ਮਾਸਟਰ ਅਖਤਰ ਪਰਵੇਜ਼, ਜ਼ਫਰ ਅਹਮਦ ਜ਼ਫਰ, ਜ਼ਮੀਰ ਅਲੀ ਜ਼ਮੀਰ, ਮੁਹੰਮਦ ਮੌਆਜ਼ਮ, ਡਾ. ਮੁਹੰਮਦ ਅਯੂਬ ਖਾਨ, ਸਾਜਿਦ ਇਸਹਾਕ, ਮੁੱਕਰਮ ਸੈਫ਼ੀ, ਅਸਗਰ ਅਮੀਨ, ਮੁਸ਼ਤਾਕ ਜੋਸ਼, ਸ਼ੇਖ ਇਫ਼ਤਿਖ਼ਾਰ ਹੁਸੈਨ, ਡਾ: ਸਾਲੀਕ ਜਮੀਲ ਬਰਾੜ, ਡਾ: ਮੁਹੰਮਦ ਸ਼ਫੀਕ ਥਿੰਦ, ਡਾ: ਮੁਹੰਮਦ ਅਸ਼ਰਫ, ਡਾ: ਸਲੀਮ ਜ਼ੁਬੇਰੀ, ਡਾ: ਅਨਵਾਰ ਅੰਨਸਾਰੀ, ਸ਼ੁਏਬ ਮਲੀਕ, ਮੁਹੰਮਦ ਆਰਿਫ ਸੈਫ਼ੀ, ਮੁਹੰਮਦ ਸ਼ਹਿਬਾਜ਼, ਮੁਬੀਨ ਕੁਰੈਸ਼ੀ, ਡਾਕਟਰ ਸ਼ਹਿਜ਼ਾਦ ਹੁਸੈਨ ਅਤੇ ਅਫਜ਼ਲ ਸੈਫ਼ੀ ਸ਼ਾਮਲ ਸਨ। ਮੀਟਿੰਗ ਵਿੱਚ ਐਡਵੋਕੇਟ ਅਮਜਦ ਖਾਨ, ਐਡਵੋਕੇਟ ਗਜ਼ਨਫਰ ਸਿਰਾਜ, ਅਜ਼ਹਰ ਮੁਨੀਮ, ਮਾਸਟਰ ਅਲੀ ਜ਼ਮੀਰ, ਸ਼ਫੀਕ ਖਾਨ, ਮੁਹੰਮਦ ਅਸਲਮ, ਸ਼ੋਏਬ ਫਾਰੂਕੀ ਆਦਿ ਹਾਜ਼ਰ ਸਨ। ਅੰਤ ਵਿੱਚ ਪ੍ਰਸਿੱਧ ਸ਼ਾਇਰ ਜਨਾਬ ਸਾਜਿਦ ਇਸਹਾਕ ਨੇ ਸਾਰੇ ਮਹਿਮਾਨਾਂ ਕਵੀਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

ਰਾਸ਼ਟਰੀ ਬਾਲਮੀਕ ਸਭਾ ਵੱਲੋਂ ਮੂਲਾਬੱਧਾ ਵਿਖੇ ਮਹਾਂਰਿਸ਼ੀ ਬਾਲਮੀਕ ਜੀ ਦਾ ਜਨਮ ਦਿਹਾੜਾ ਮਨਾਇਆ

ਆਜ਼ਾਦ ਸੋਚ
ਬਹਾਦਰ ਸਿੰਘ ਭੀਲੋਵਾਲ/ਅਮਰਗੜ੍ਹ, 20 ਅਕਤੂਬਰ

ਰਾਸ਼ਟਰੀ ਵਾਲਮੀਕ ਸਭਾ ਜ਼ਿਲ੍ਹਾ ਮਲੇਰ ਕੋਟਲਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬਾਬਾ ਤੇ ਸਮੁੱਚੀ ਜਥੇਬੰਦੀ ਵੱਲੋਂ ਭਗਵਾਨ ਮਹਾਂਰਿਸ਼ੀ ਬਾਲਮੀਕ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸਾਹਿਬ ਪਿੰਡ ਮੁਲਾਬਧਾ ਵਿਖੇ ਮਨਾਇਆ ਗਿਆ।ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ,ਜਿਸ ਦੇ ਭੋਗ ਮੌਕੇ ਮੈਂਬਰ ਪਾਰਲੀਮੈਂਟ ਡਾ. ਅਮਰ ਸਿੰਘ, ਸ੍ਰੀ ਜੱਸੀ ਖੰਗੂੜਾ ਐਮ ਐਲ.ਏ ਲੁਧਿਆਣਾ, ਚੇਤੰਨ ਸਿੰਘ ਚੌਦਾਂ, ਰਾਜ ਸਿੰਘ ਲਾਂਗੜੀਆਂ,ਪ੍ਰਿਤਪਾਲ ਸਿੰਘ, ਰੂਬਲ ਨਾਰੀਕੇ ਹੋਰ ਇਲਾਕੇ ਦੇ ਵੱਡੀ ਗਿਣਤੀ ਕਾਂਗਰਸੀ ਆਗੂਆਂ ਸਮੇਤ ਪੰਚ-ਸਰਪੰਚ ਪਹੁੰਚੇ ਹੋਏ ਸਨ। ਸਟੇਜ ਸਕੱਤਰ ਦੀ ਭੂਮਿਕਾ ਹਰਿੰਦਰ ਬਿੱਟੂ ਅਮਰਗੜ੍ਹ ਵੱਲੋਂ ਬਾਖੂਬੀ ਨਿਭਾਈ ਗਈ।

ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਪੁਲਿਸ ਮੁਲਾਜ਼ਮਾਂ ਦੀਆਂ ਸ਼ਹਾਦਤਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਡਾ. ਰਵਜੋਤ ਗਰੇਵਾਲ

ਜ਼ਿਲ੍ਹਾ ਪੁਲੀਸ ਮੁਖੀ ਨੇ ਸ਼ਹੀਦ ਪਰਿਵਾਰਾਂ ਦੇ ਮੈਂਬਰਾਂ ਦੀਆਂ ਮੁਸ਼ਕਲਾਂ ਸੁਣੀਆਂ

ਆਜ਼ਾਦ ਸੋਚ
ਸੁਨੀਲ ਵਰਮਾ
ਫ਼ਤਹਿਗੜ੍ਹ ਸਾਹਿਬ, 20 ਅਕਤੂਬਰ

ਪੰਜਾਬ ਪੁਲਿਸ ਦੇ ਜਵਾਨਾਂ ਦੀਆਂ ਸ਼ਹਾਦਤਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ, ਜਿਨ੍ਹਾਂ ਨੇ ਅਮਨ ਕਾਨੂੰਨ ਦੀ ਵਿਵਸਥਾ ਕਾਇਮ ਰੱਖਣ ਲਈ ਆਪਣੀਆਂ ਸ਼ਹਾਦਤਾਂ ਦਿੱਤੀਆਂ। ਪੰਜਾਬ ਪੁਲਿਸ ਦਾ ਗੌਰਵਸ਼ਾਲੀ ਇਤਿਹਾਸ ਹੈ ਅਤੇ ਪੰਜਾਬ ਪੁਲਿਸ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਭਾਈਚਾਰਕ ਸਾਂਝ ਬਰਕਰਾਰ ਰੱਖਣ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਜਿਨ੍ਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਪੁਲਿਸ ਮੁਖੀ ਡਾ. ਰਵਜੋਤ ਗਰੇਵਾਲ ਨੇ ਡਿਊਟੀ ਦੌਰਾਨ ਸ਼ਹੀਦ ਹੋਏ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸ਼ਰਧਾਂਜਲੀ ਦੇਣ ਲਈ ਪੁਲਿਸ ਲਾਈਨ, ਮਹਦੀਆਂ ਵਿਖੇ ਕਰਵਾਏ ਗਏ ਪੁਲੀਸ ਸ਼ਹੀਦੀ ਦਿਵਸ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਜ਼ਿਲ੍ਹਾ ਪੁਲਿਸ ਮੁਖੀ ਨੇ ਕਿਹਾ ਕਿ ਸੂਬੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਕਾਇਮ ਰੱਖਣ ਲਈ ਪੁਲੀਸ ਜਵਾਨਾਂ ਨੇ ਜੋ ਕੁਰਬਾਨੀਆਂ ਦਿੱਤੀਆਂ, ਉਹ ਆਪਣੇ ਆਪ ਵਿੱਚ ਬੇਮਿਸਾਲ ਹਨ ਅਤੇ ਸਮੁੱਚੇ ਦੇਸ਼ ਵਾਸੀ ਇਨ੍ਹਾਂ ਸ਼ਹਾਦਤਾਂ ਨੂੰ ਹਮੇਸ਼ਾਂ ਯਾਦ ਰੱਖਣਗੇ। ਉਨ੍ਹਾਂ ਨੇ ਸ਼ਹੀਦ ਪੁਲਿਸ ਜਵਾਨਾਂ ਦੇ ਪਰਿਵਾਰਾਂ ਨੂੰ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ ਅਤੇ ਉਹ ਆਪਣੀਆਂ ਦੁੱਖ ਤਕਲੀਫਾਂ ਬਾਰੇ ਕਿਸੇ ਵੀ ਸਮੇਂ ਆ ਕੇ ਦੱਸ ਸਕਦੇ ਹਨ ਅਤੇ ਉਨ੍ਹਾਂ ਦੀ ਸਮੱਸਿਆ ਦਾ ਫੌਰੀ ਹੱਲ ਕੀਤਾ ਜਾਵੇਗਾ। ਉਨ੍ਹਾਂ ਇਸ ਮੌਕੇ ਸ਼ਹੀਦ ਜਵਾਨਾਂ ਦੇ ਪਰਿਵਾਰਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ।

ਇਸ ਮੌਕੇ ਸ਼ਹੀਦ ਜਵਾਨਾਂ ਨੂੰ ਸ਼ਰਧਾਂਜਲੀ ਦੇਣ ਲਈ ਪੁਲੀਸ ਦੀ ਟੁਕੜੀ ਨੇ ਡੀ.ਐੱਸ.ਪੀ. ਖੁਸ਼ਪ੍ਰੀਤ ਸਿੰਘ ਦੀ ਅਗਵਾਈ ਵਿੱਚ ਸਲਾਮੀ ਦਿੱਤੀ ਅਤੇ ਦੋ ਮਿੰਟ ਦਾ ਮੌਨ ਵੀ ਰੱਖਿਆ ਗਿਆ। ਇਸ ਮੌਕੇ ਡੀ.ਐੱਸ.ਪੀ. ਨਿਖਿਲ ਗਰਗ ਨੇ ਡਿਊਟੀ ਦੌਰਾਨ ਸ਼ਹੀਦ ਹੋਏ ਪੁਲਿਸ ਅਤੇ ਅਰਧ ਸੈਨਿਕ ਬਲਾਂ ਦੇ ਸ਼ਹੀਦਾਂ ਦੇ ਨਾਮ ਪੜ੍ਹ ਕੇ ਸੁਣਾਏ।

ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਸ਼੍ਰੀ ਅਰੁਣ ਗੁਪਤਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ, ਐਸ.ਪੀ. (ਡੀ) ਰਾਕੇਸ਼ ਯਾਦਵ, ਡੀ.ਐਸ.ਪੀ. ਸ਼ ?ਰੀ ਰਮਿੰਦਰ ਸਿੰਘ ਕਾਹਲੋਂ, ਡੀ.ਐਸ.ਪੀ. ਗੁਰਦੀਪ ਸਿੰਘ, ਡੀ.ਐੱਸ.ਪੀ. ਗੁਰਦੀਪ ਸਿੰਘ ਦਿਓਲ, ਡੀ.ਐੱਸ.ਪੀ. ਹਰਤੇਸ਼ ਕੌਸ਼ਿਕ, ਡੀ.ਏ.ਕੁਲਵਿੰਦਰ ਸਿੰਘ ਬਾਜਵਾ, ਤੋਂ ਇਲਾਵਾ ਸ਼ਹੀਦ ਜਵਾਨਾਂ ਦੇ ਪਰਿਵਾਰਕ ਮੈਂਬਰਾਂ, ਪੁਲੀਸ ਅਧਿਕਾਰੀਆਂ ਤੇ ਮੁਲਾਜ਼ਮਾਂ ਨੇ ਵੱਡੀ ਗਿਣਤੀ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

ਡਿਪਟੀ ਡਾਇਰੈਕਟਰ ਫਤਹਿਗੜ੍ਹ ਸਾਹਿਬ ਡਾ.ਰਵਿੰਦਰ ਸਿੰਘ ਨੇ ਮੂੰਹ ਖੁਰ ਟੀਕਾਕਰਨ ਦੀ ਮੁਹਿੰਮ ਨੂੰ ਜਿਲ੍ਹੇ ਭਰ ਵਿੱਚ ਸ਼ੁਰੂ ਕਰਵਾਇਆ

ਫਤਹਿਗੜ੍ਹ ਸਾਹਿਬ, 21 ਅਕਤੂਬਰ (ਜੇ ਐਸ ਖੰਨਾ): ਪਸ਼ੂ ਪਾਲਣ ਤੇ ਡੇਅਰੀ ਵਿਕਾਸ ਵਿਭਾਗ ਦੇ ਮੰਤਰੀ ਸ:ਗੁਰਮੀਤ ਸਿੰਘ ਖੁੱਡੀਆਂ ਦੇ ਹੁਕਮਾਂ ਤਹਿਤ ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਗੁਰਸ਼ਰਨਜੀਤ ਸਿੰਘ ਬੇਦੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਡਿਪਟੀ ਡਾਇਰੈਕਟਰ ਡਾ. ਰਵਿੰਦਰ ਸਿੰਘ ਦੇ ਕਰ ਕਮਲਾਂ ਨਾਲ ਪਸ਼ੂ ਪਾਲਣ ਵਿਭਾਗ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਲੋਂ ਮੂੰਹ-ਖੁਰ ਦੀ ਬਿਮਾਰੀ ਤੋਂ ਰੋਕਥਾਮ ਲਈ ਟੀਕਾਕਰਨ ਮੁਹਿੰਮ ਸ਼ੁਰੂ ਕੀਤੀ ਗਈ।ਇਥੇ ਪਸ਼ੂ ਪਾਲਣ ਵਿਭਾਗ ਦੇ ਸਹਾਇਕ ਨਿਰਦੇਸ਼ਕ ਡਾ. ਗੁਲਜ਼ਾਰ ਮੁਹੰਮਦ ਅਤੇ ਡਾ. ਨਵਦੀਪ ਸ਼ਰਮਾਂ ਨੇ ਦੱਸਿਆ ਕਿ ਇਸ ਮੁਹਿੰਮ ਲਈ ਜਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਕੁੱਲ 182000 ਮੂੰਹ-ਖੁਰ ਵੈਕਸੀਨ ਦੀਆਂ ਖੁਰਾਕਾਂ ਪ੍ਰਾਪਤ ਹੋਈਆਂ ਹਨ ਅਤੇ ਜ਼ਿਲ੍ਹੇ ਦੀਆਂ ਸਮੁੱਚੀਆਂ ਮੱਝਾਂ ਅਤੇ ਗਾਂਵਾਂ ਦੇ ਇਹ ਟੀਕਾ ਪਸ਼ੂ ਪਾਲਣ ਵਿਭਾਗ ਦੇ ਸਟਾਫ ਦੁਆਰਾ ਘਰ-ਘਰ ਜਾ ਕੇ ਮੁੱਫਤ ਲਗਾਇਆ ਜਾਵੇਗਾ ਤਾਂ ਜੋ ਇਸ ਭਿਆਨਕ ਬਿਮਾਰੀ ਤੋਂ ਜ਼ਿਲ੍ਹੇ ਦੇ ਸਾਰੇ ਪਸ਼ੂਆਂ ਨੂੰ ਬਚਾਇਆ ਜਾ ਸਕੇ ਅਤੇ ਪਸ਼ੂ ਪਾਲਕਾਂ ਦੇ ਆਰਥਿਕ ਨੁਕਸਾਨ ਨੂੰ ਰੋਕਿਆ ਜਾ ਸਕੇ। ਇਹ ਜਾਣਕਾਰੀ ਡਾ. ਗੁਲਜਾਰ ਮੁਹੰਮਦ ਸਹਾਇਕ ਡਾਇਰੈਕਟਰ ਵਲੋਂ ਪੱਤਰਕਾਰਾਂ ਨਾਲ ਸਾਂਝੀ ਕੀਤੀ ਗਈ।

ਯੁਵਕ ਸੇਵਾਵਾਂ ਵਿਭਾਗ ਨਾਲ ਸਬੰਧਤ ਯੂਥ ਕਲੱਬਾਂ ਦੀ ਮਦਦ ਕਰੇਗੀ ਪੰਜਾਬ ਸਰਕਾਰ : ਡਿਪਟੀ ਕਮਿਸ਼ਨਰ

ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਕਲੱਬਾਂ ਨੂੰ ਮਦਦ ਦੇ ਚਾਹਵਾਨਾਂ ਨੂੰ 2 ਸਾਲਾਂ ਦੀ ਪ੍ਰਗਤੀ ਰਿਪੋਰਟ ਸੌਂਪਣ ਦੇ ਦਿੱਤੇ ਨਿਰਦੇਸ਼

ਆਜ਼ਾਦ ਸੋਚ
ਤਰੁਣ ਮਹਿਰਾ
ਅੰਮ੍ਰਿਤਸਰ, 21 ਅਕਤੂਬਰ

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਯੁਵਕ ਸੇਵਾਵਾਂ ਵਿਭਾਗ ਨਾਲ ਸਬੰਧਤ ਯੂਥ ਕਲੱਬਾਂ ਨੂੰ ਉਤਸ਼ਾਹਿਤ ਕਰਨ ਲਈ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਵਿਭਾਗ ਨਾਲ ਐਫਲੀਏਟਡ ਸਰਗਰਮ ਯੂਥ ਕਲੱਬ, ਜੋ ਸਹਾਇਤਾ ਲੈਣ ਦੇ ਇੱਛੁਕ ਹਨ, ਉਹ ਆਪਣੀ 2 ਸਾਲਾਂ ਦੀ ਪ੍ਰਗਤੀ ਰਿਪੋਰਟ 15 ਨਵੰਬਰ ਤੱਕ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ, ਅਮ੍ਰਿਤਸਰ (ਕਮਰਾ ਨੰ 218, ਦੂਜੀ ਮੰਜਿਲ , ਜਿਲਾ ਪ੍ਰਸ਼ਾਸਕੀ ਕੰਪਲੈਕਸ ਅੰਮ੍ਰਿਤਸਰ,) ਦੇ ਦਫ਼ਤਰ ਵਿਚ ਜਮ ?ਹਾਂ ਕਰਵਾਉਣ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਬਣਾਈ ਗਈ ਜ਼ਿਲ੍ਹਾ ਪੱਧਰੀ ਕਮੇਟੀ ਇਨ੍ਹਾਂ ਕਲੱਬਾਂ ਦੇ ਕੰਮ ਦਾ ਮੁਲਾਂਕਣ ਕਰਕੇ ਅਗਲੇਰੀ ਕਾਰਵਾਈ ਕਰੇਗੀ। ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਅੰਮ੍ਰਿਤਸਰ ਪ੍ਰੀਤ ਕੌਹਲੀ ਨਾਲ ਮੋਬਾਈਲ ਨੰਬਰ 98158-81016 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਯੁਵਕ ਸੇਵਾਵਾਂ ਕਲੱਬਾਂ ਵੱਲੋਂ ਪਿੰਡ ਅਤੇ ਵਾਰਡ ਪੱਧਰ 'ਤੇ ਸਮਾਜ ਸੇਵੀ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ, ਜਿਸ ਵਿਚ ਪਿੰਡਾਂ ਅਤੇ ਵਾਰਡਾਂ ਵਿਚ ਸਫ਼ਾਈ ਮੁਹਿੰਮ, ਖ਼ੂਨਦਾਨ ਕੈਂਪ, ਵੱਖ-ਵੱਖ ਸਰਕਾਰੀ ਜਾਗਰੂਕਤਾ ਮੁਹਿੰਮਾਂ ਅਤੇ ਰਚਨਾਤਮਕ ਕਾਰਜ, ਖੇਡਾਂ ਅਤੇ ਹੋਰ ਵੱਖ-ਵੱਖ ਕੈਂਪਾਂ ਵਿਚ ਉਨ੍ਹਾਂ ਦੀ ਸ਼ਮੂਲੀਅਤ, ਸ਼ਾਮਲ ਹਨ। ਉਨ੍ਹਾਂ ਨੇ ਯੁਵਕ ਸੇਵਾਵਾਂ ਵਿਭਾਗ ਨਾਲ ਸਬੰਧਤ ਯੁਵਕ ਕਲੱਬਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਆਪਣੇ 2 ਸਾਲਾਂ ਦੀ ਵਿਸਥਾਰਤ ਰਿਪੋਰਟ ਪੇਸ਼ ਕਰਨ ਤਾਂ ਜੋ ਉਨ੍ਹਾਂ ਨੂੰ ਸਰਕਾਰ ਵੱਲੋਂ ਮਿਲਣ ਵਾਲੀ ਮਦਦ ਜਲਦੀ ਤੋਂ ਜਲਦੀ ਮੁਹੱਈਆ ਕਰਵਾਈ ਜਾ ਸਕੇ।

ਬਾਬਾ ਬੁੱਢਾ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਗੁਰਦੁਆਰਾ ਬਾਬਾ ਬੁੱਢਾ ਜੀ ਸੁਭਾਸ਼ ਨਗਰ ਤੋਂ ਨਗਰ ਕੀਰਤਨ ਸਜਾਇਆ

ਆਜ਼ਾਦ ਸੋਚ
ਸੁਖਰਾਜ ਸਿੰਘ
ਨਵੀਂ ਦਿੱਲੀ, 20 ਅਕਤੂਬਰ

ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਸੁਭਾਸ਼ ਨਗਰ 1-ਬਲਾਕ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਸਾ?ਹਬ ਦੀ ਪ੍ਰਬੰਧਕ ਕਮੇਟੀ ਵੱਲੋਂ ਇਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।ਇਸ ਨਗਰ ਕੀਰਤਨ ਵਿੱਚ ਵਿੱਚ ਸ਼ਬਦ ਚੌਕੀ ਜੱਥੇ ਅਤੇ ਇਸਤਰੀ ਸਤਿਸੰਗ ਜਥੇ ਗੁਰਬਾਣੀ ਕੀਰਤਨ ਕਰ ਰਹੇ ਸਨ।ਇਸ ਨਗਰ ਕੀਰਤਨ ਦੌਰਾਨ ਸ਼?ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਅੱਗੇ ਪੂਰੇ ਰਸਤੇ ਵਿੱਚ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਨਗਰ ਕੀਰਤਨ ਵਿੱਚ ਬੈਂਡ ਵਾਜਿਆਂ, ਸਿੱਖ ਮਾਰਸ਼ਲ ਆਰਟ ਗਤਕਾ ਅਖਾੜਿਆਂ ਅਤੇ ਝਾੜੂ ਵਾਲੇ ਨੌਜਾਵਨ ਵੀਰਾਂ ਨੇ ਆਪਣੀਆਂ ਸੇਵਾਵਾਂ ਨਿਭਾਉਦਿਆਂ ਵਾਹਿਗੁਰੂ ਦਾ ਜਾਪ ਕਰਦੇ ਹੋਏ ਮਾਰਚ ਕੀਤਾ।ਇਸ ਨਗਰ ਕੀਰਤਨ ਵਿੱਚ ਸਿੱਖ ਸੰਗਤਾਂ ਨੇ ਸੰਗਤਾਂ ਵਾਸਤੇ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਤਰ੍ਹਾਂ ਦੇ ਪਕਵਾਨਾਂ ਦੇ ਸਟਾਲ ਤੇ ਲੰਗਰ ਪ੍ਰਸ਼ਾਦ ਦੇ ਸਟਾਲ ਲਗਾਏ ਹੋਏ ਸਨ। ਸੰਗਤਾਂ ਵੱਲੋਂ ਨਗਰ ਕੀਰਤਨ ਦੇ ਰਸਤੇ ਵਿੱਚ ਸਵਾਗਤੀ ਗੇਟ ਬਣਾਏ ਗਏ ਸਨ। ਇਸ ਮੌਕੇ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਕਮ

ਸ਼੍ਰੋਮਣੀ ਕਮੇਟੀ ਮੈਂਬਰ ਜਮੀਰ ਦੀ ਆਵਾਜ਼ 'ਤੇ ਵੋਟ ਪਾਉਣ, ਲਫਾਫਿਆਂ ਵਿੱਚੋਂ ਨਿਕਲਦੀਆਂ ਅਹੁਦੇਦਾਰੀਆਂ ਦੇ ਵਰਤਾਰੇ ਨੂੰ ਖ਼ਤਮ ਕਰਨ: ਕੇਂਦਰੀ ਸਿੰਘ ਸਭਾ

ਆਜ਼ਾਦ ਸੋਚ
ਆਜ਼ਾਦ ਸੋਚ ਬਿਊਰੋ
ਚੰਡੀਗੜ੍ਹ, 20 ਅਕਤੂਬਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 28 ਅਕਤੂਬਰ ਨੂੰ ਕਾਰਜਕਰਨੀ ਦੀ ਚੋਣ 'ਚ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੀ ਜ਼ਮੀਰ ਦੀ ਆਵਾਜ਼ ਉੱਤੇ ਵੋਟ ਦੇ ਕੇ ਦਹਾਕਿਆਂ ਤੋਂ ਲਫਾਫਿਆਂ ਵਿੱਚੋਂ ਨਿਕਲਦੀਆਂ ਅਹੁਦੇਦਾਰੀਆਂ ਦੇ ਵਰਤਾਰੇ ਨੂੰ ਖ਼ਤਮ ਕਰਨ ਅਤੇ ਸ਼੍ਰੋਮਣੀ ਕਮੇਟੀ ਦੀ ਆਜ਼ਾਦ ਹਸਤੀ ਬਹਾਲ ਕਰਨ।

ਸਿੰਘ ਸਭਾ ਗੁਰਦੁਆਰਿਆਂ ਦੀ ਪ੍ਰਤੀਨਿਧ ਸੰਸਥਾ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਈ ਦਹਾਕਿਆਂ ਤੋਂ ਅਕਾਲੀ ਦਲ ਦੇ ਕੰਟਰੋਲ ਵਿੱਚ ਚਲਦੀ ਆ ਰਹੀ ਹੈ ਜਿਹੜਾ ਕਮੇਟੀ ਨੂੰ ਆਪਣੇ ਨਿਰੋਲ ਸਿਆਸੀ ਹਿੱਤਾਂ ਲਈ ਵਰਤ ਰਿਹਾ ਹੈ। ਹੈਰਾਨੀ ਹੈ ਕਿ ਸਰਬਉੱਚ ਧਾਰਮਿਕ ਅਦਾਰੇ ਅਕਾਲ ਤਖ਼ਤ ਦੇ ਜਥੇਦਾਰ ਵੀ ਲਫਾਫਿਆਂ ਵਿੱਚੋਂ ਹੀ ਨਿਕਲ ਰਹੇ ਹਨ, ਜਿਸ ਕਰਕੇ ਅਕਾਲੀ ਰਾਜਨੀਤੀ ਉੱਤੇ ਦਿੱਲੀ ਤਖ਼ਤ ਦਾ ਪ੍ਰਭਾਵ ਹਰ ਸੰਵੇਦਨਸ਼ੀਲ ਧਾਰਮਿਕ ਮੁਦੇ ਉੱਤੇ ਜ਼ਾਹਰਾ ਅਸਰ ਅੰਦਾਜ਼ ਹੁੰਦਾ ਰਹਿੰਦਾ ਹੈ। ਜਿਸ ਕਰਕੇ ਨਾਨਕਸ਼ਾਹੀ ਕੈਲੰਡਰ ਲਾਗੂ ਕਰਕੇ, ਵਾਪਸ ਹੋ ਜਾਂਦਾ ਅਤੇ ਸਿੱਖ ਸਿਧਾਂਤਾਂ ਅਤੇ ਕਮੇਟੀ ਮਰਿਆਦਾ ਨੂੰ ਨਾ ਮੰਨਣ ਵਾਲੀਆਂ ਡੇਰੇਦਾਰੀਆਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰ-ਵਿਹਾਰ ਨੂੰ ਆਪਣੇ ਅਨੁਸਾਰ ਚਲਾਉਦੀਆਂ ਰਹਿੰਦੀਆਂ ਹਨ।

ਕਿਉਂਕਿ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤਾਣਾ-ਬਾਣਾ, ਵਿਦਿਅਕ ਅਦਾਰੇ ਅਤੇ ਉਸਦੇ ਤਿੰਨ ਦਰਜ਼ਨ ਤੋਂ ਵੱਧ ਵੱਡੇ ਵੱਡੇ ਟਰੱਸਟ ਅਤੇ ਦਫਾ 97 ਦੀਆਂ ਪੰਜਾਬ ਵਿੱਚ ਫੈਲੀਆਂ ਗੁਰਦੁਆਰਾ ਕਮੇਟੀਆਂ ਕਾਬਜ਼ ਅਕਾਲੀ ਦਲ ਨੂੰ ਵੱਡਾ ਆਧਾਰ ਪ੍ਰਦਾਨ ਕਰਦੀਆਂ ਹਨ, ਇਸੇ ਕਰਕੇ, ਪਾਰਟੀ ਕਦੇ ਵੀ ਕਮੇਟੀ ਦੀ ਸਮੇਂ ਸਿਰ ਚੋਣ ਦੀ ਮੰਗ ਨਹੀਂ ਕਰਦੀ ਅਤੇ 100 ਸਾਲ ਪੁਰਾਣੇ ਗੁਰਦੁਆਰਾ ਐਕਟ (1925) ਵਿੱਚ ਸਿਰਫ਼ ਲੋੜ ਮੁਤਾਬਿਕ ਤਰਮੀਮ ਕਰਵਾਉਦੀ ਹੈ, ਜਿਸ ਕਰਕੇ ਕਮੇਟੀ ਹੁਣ ਅਸਲ ਵਿੱਚ ਸਿੱਖਾਂ ਦੀ ਧਾਰਮਿਕ ਤੌਰ ਤੇ ਪ੍ਰਤੀਨਿਧ ਹੋਣ ਦਾ ਇਖਲਾਕੀ ਅਧਿਕਾਰ ਗੁਆ ਚੁੱਕੀ ਹੈ।

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨਾਲ ਜੁੜੇ ਸਿੱਖ ਵਿਚਾਰਵਾਨਾਂ ਦੀ ਮੰਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਮੁੱਚੀ ਕਾਰਗੁਜ਼ਾਰੀ ਨੂੰ ਜਮਹੂਰੀਅਤ ਪੱਧਰ ਉੱਤੇ ਖੜ੍ਹਾ ਕਰਨ ਲਈ, ਸ਼੍ਰੋਮਣੀ ਕਮੇਟੀ ਦੀ ਚੋਣ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਲਿਆਂਦੀ ਜਾਵੇ ਕਿਉਂਕਿ ਚੰਡੀਗੜ੍ਹ ਦੇ ਇਕ ਮੈਂਬਰ ਨੂੰ ਛੱਡਕੇ ਹੁਣ ਸਾਰੇ ਕਮੇਟੀ ਮੈਂਬਰਾਂ ਨੂੰ ਪੰਜਾਬ ਵਿੱਚੋਂ ਹੀ ਚੁਣਿਆ ਜਾਂਦਾ ਹੈ।

ਉਹਨਾਂ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਜੇਕਰ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਨੂੰ ਸਹੀ ਅਰਥਾਂ ਵਿੱਚ ਦਖ਼ਲ-ਅੰਦਾਜ਼ੀ ਮੁਕਤ ਕਰਵਾਉਣਾ ਅਤੇ ਧਾਰਮਿਕ ਤੌਰ ਤੇ ਅਮਲੀ ਰੂਪ ਵਿੱਚ ਸਿਰਮੌਰ ਬਣਾਉਣਾ ਹੈ ਤਾਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਮੌਜੂਦਾ ਅਮਲ ਤਬਦੀਲ ਕਰਵਾਉਣ ਲਈ ਅੱਗੇ ਆਵੇ।

ਇਸ ਮੌਕੇ ਪ੍ਰੋਫੈਸਰ ਸ਼ਾਮ ਸਿੰਘ (ਪ੍ਰਧਾਨ), ਰਾਜਵਿੰਦਰ ਸਿੰਘ ਰਾਹੀ, ਗੁਰਪ੍ਰੀਤ ਸਿੰਘ (ਪ੍ਰਤੀਨਿਧ ਗਲੋਬਲ ਸਿੱਖ ਕੌਂਸਲ), ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ, ਸੁਰਿੰਦਰ ਸਿੰਘ ਕਿਸ਼ਨਪੁਰਾ ਅਤੇ ਡਾ. ਖੁਸ਼ਹਾਲ ਸਿੰਘ ਆਦਿ ਨੇ ਅਫ਼ਸੋਸ ਜਾਹਿਰ ਕੀਤਾ।

ਵਿਕਰਮਜੀਤ ਸਿੰਘ ਸਾਹਨੀ ਦੀ ਨੈਸ਼ਨਲ ਅਪ੍ਰੈਂਟਿਸਸ਼ਿਪ ਕੌਂਸਲ ਦੇ ਉਪ-ਚੇਅਰਮੈਨ ਵੱਜੋਂ ਨਿਯੁਕਤੀ

ਆਜ਼ਾਦ ਸੋਚ
ਸੁਖਰਾਜ ਸਿੰਘ/ਨਵੀਂ ਦਿੱਲੀ, 20 ਅਕਤੂਬਰ

ਰਾਜ ਸਭਾ ਦੇ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੂੰ ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ ਵਲੋਂ ਹਾਲ ਹੀ ਵਿੱਚ ਜਾਰੀ ਨੋਟੀਫਿਕੇਸ਼ਨ ਅਨੁਸਾਰ ਨੈਸ਼ਨਲ ਅਪ੍ਰੈਂਟਿਸਸ਼ਿਪ ਕੌਂਸਲ (ਐਨ.ਏ.ਸੀ) ਦਾ ਉਪ-ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।

ਇਸ ਸਨਮਾਨਯੋਗ ਭੂਮਿਕਾ ਵਿੱਚ, ਡਾ. ਸਾਹਨੀ ਦੇਸ਼ ਭਰ ਵਿੱਚ ਵੋਕੇਸ਼ਨਲ ਸਿਖਲਾਈ ਅਤੇ ਅਪ੍ਰੈਂਟਿਸਸ਼ਿਪ ਪ੍ਰੋਗਰਾਮਾਂ ਨੂੰ ਵਧਾਉਣ ਦੇ ਸਰਕਾਰ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਮੁੱਖ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨਗੇ।ਆਪਣੀ ਨਿਯੁਕਤੀ ਲਈ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਕਿਹਾ ਕਿ ਅਪ੍ਰੈਂਟਿਸਸ਼ਿਪ ਦੀ ਮਿਆਦ ਦੇ ਦੌਰਾਨ, ਅਪ੍ਰੈਂਟਿਸ ਨੂੰ ਇੱਕ ਵਜ਼ੀਫਾ ਮਿਲੇਗਾ, ਜਿਸ ਦਾ 50 ਫ਼ੀਸਦੀ ਸਰਕਾਰ ਦੁਆਰਾ ਅਦਾ ਕੀਤਾ ਜਾਣਾ ਹੈ।ਅਪ੍ਰੈਂਟਿਸਸ਼ਿਪ ਦੀ ਮਿਆਦ ਇੱਕ ਸਾਲ ਹੋਵੇਗੀ, ਜਿਸ ਵਿੱਚ ਨੌਜਵਾਨਾਂ ਨੂੰ ਨੌਕਰੀ 'ਤੇ ਬੇਸ਼ਕੀਮਤੀ ਸਿਖਲਾਈ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ।ਅਪ੍ਰੈਂਟਿਸਸ਼ਿਪ ਦੇ ਮੌਕਿਆਂ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ। ਡਾ. ਸਾਹਨੀ ਨੇ ਇਹ ਵੀ ਦੱਸਿਆ ਕਿ ਅੱਜ ਪੰਜਾਬ ਵਿੱਚ ਅੱਠ ਵੱਖ-ਵੱਖ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ.ਟੀ.ਆਈ.) ਵਿੱਚ ਇੱਕ ਅਪ੍ਰੈਂਟਿਸਸ਼ਿਪ ਮੇਲਾ ਲਗਾਇਆ ਗਿਆ।ਇਸ ਇਵੈਂਟ ਵਿੱਚ 4,000 ਤੋਂ ਵੱਧ ਵਿਦਿਆਰਥੀਆਂ ਨੇ ਅਪ੍ਰੈਂਟਿਸਸ਼ਿਪ ਸਿਖਲਾਈ ਪ੍ਰੋਗਰਾਮ ਲਈ ਰਜਿਸਟਰੇਸ਼ਨ ਕਰਵਾਈ, ਜੋ ਸਿੱਖਿਆ ਅਤੇ ਰੁਜ਼ਗਾਰ ਵਿਚਕਾਰ ਪਾੜੇ ਨੂੰ ਭਰਨ ਵੱਲ ਇੱਕ ਅਹਿਮ ਕਦਮ ਹੈ।ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਇਹ ਵੀ ਕਿਹਾ ਕਿ ਅਪ੍ਰੈਂਟਿਸਸ਼ਿਪ ਮਾਡਲ ਦੋਵੱਲੇ ਲਾਭ ਹਨ, ਇਸ ਤਰਾਂ ਇਹ ਸਾਰੇ ਭਾਗੀਦਾਰਾਂ ਲਈ ਫਾਇਦੇ ਦੀ ਸਥਿਤੀ ਕਹੀ ਜਾ ਸਕਦੀ ਹੈ।

ਗੁਰਦੁਆਰਾ ਸਿੰਘ ਸਭਾ ਗੜ੍ਹੀ, ਈਸਟ ਆਫ਼ ਕੈਲਾਸ਼ ਦੀ ਚੋਣ ਵਿੱਚ ਕਾਲਕਾ ਧੜਾ ਰਿਹਾ ਜੇਤੂ

ਆਜ਼ਾਦ ਸੋਚ
ਸੁਖਰਾਜ ਸਿੰਘ
ਨਵੀਂ ਦਿੱਲੀ, 20 ਅਕਤੂਬਰ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੜ੍ਹੀ, ਈਸਟ ਆਫ਼ ਕੈਲਾਸ਼, ਨਵੀਂ ਦਿੱਲੀ ਵਿਖੇ ਬੀਤੇ ਦਿਨੀਂ ਪ੍ਰਧਾਨਗੀ ਦੀ ਚੋਣ ਹੋਈ।ਇਸ ਹੋਈ ਚੋਣ ਵਿਚ ਸ. ਮਹਾ ਸਿੰਘ ਸੋਢੀ ਨੇ ਆਪਣੇ ਵਿਰੋਧੀ ਉਮੀਦਵਾਰ ਸ. ਬਲਵਿੰਦਰ ਸਿੰਘ ਨੂੰ ਕਰਾਰੀ ਹਾਰ ਦੇ ਕੇ ਇਤਿਹਾਸ ਜਿੱਤ ਪ੍ਰਾਪਤ ਕੀਤੀ ਅਤੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਗੜ੍ਹੀ, ਈਸਟ ਆਫ਼ ਕੈਲਾਸ਼ ਦੇ ਪ੍ਰਧਾਨ ਬਣੇ ਹਨ।ਇਸ ਚੋਣ ਦੌਰਾਨ ਨਵੇਂ ਪ੍ਰਬੰਧਕਾਂ ਵਿੱਚ ਪ੍ਰਧਾਨ ਸ. ਮਹਾਂ ਸਿੰਘ ਸੋਢੀ, ਮੀਤ ਪ੍ਰਧਾਨ ਸ. ਸਤਿੰਦਰਪਾਲ ਸਿੰਘ ਮਿੰਟੂ, ਜਨਰਲ ਸਕੱਤਰ ਸ. ਬਲਦੇਵ ਸਿੰਘ, ਜੁਇੰਟ ਸਕੈਟਰੀ ਸ. ਯਸਪਾਲ ਸਿੰਘ ਪਾਲੀ, ਕੈਸ਼ੀਅਰ ਸ. ਬਲਵਿੰਦਰ ਸਿੰਘ ਬਣੇ ਹਨ।ਇਸ ਲਈ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਕੌਮੀ ਪ੍ਰਧਾਨ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਸਚਾਈ ਤੇ ਸੰਗਤਾਂ ਪ੍ਰਤੀ ਕੀਤੀਆਂ ਸੇਵਾਵਾਂ ਦੀ ਜਿੱਤ ਹੈ।ਇਸ ਮੌਕੇ ਜੁਇੰਟ ਸਕੈਟਰੀ ਸ. ਯਸਪਾਲ ਸਿੰਘ ਪਾਲੀ ਨੇ ਇਲਕੇ ਦੀਆਂ ਸਮੂਹ ਸਿੱਖ ਸੰਗਤਾਂ ਦਾ ਤਹਿਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਆਪਣੀਆਂ ਕੀਮਤੀ ਵੋਟਾਂ ਪਾ ਕੇ ਸਾਨੂੰ ਜੇਤੂ ਬਣਾਇਆ।ਇਸ ਲਈ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੇ ਕੌਮੀ ਪ੍ਰਧਾਨ ਅਤੇ ਦਿੱਲੀ ਸਿੱਖ ਗੁਰੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਆਪਣੇ ਸਾਥੀਆਂ ਸਮੇਤ ਸ. ਮਹਾ ਸਿੰਘ ਸੋਢੀ ਅਤੇ ਉਨ੍ਹਾਂ ਦੀ ਸਮੁਚੀ ਟੀਮ ਨੂੰ ਮੁਬਾਰਕਬਾਦ ਦੇਣ ਲਈ ਉਚੇਚੇ ਤੌਰ 'ਤੇ ਪਹੁੰਚੇ। ਇਸ ਮੌਕੇ ਸ. ਹਰਮੀਤ ਸਿੰਘ ਕਾਲਕਾ ਨੇ ਸਮੂਹ ਨਵੇਂ ਬਣੇ ਪ੍ਰਬੰਧਕਾਂ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸ. ਕਾਲਕਾ ਨੇ ਕਿਹਾ ਕਿ ਸ. ਮਹਾ ਸਿੰਘ ਸੋਢੀ ਆਪਣੀ ਟੀਮ ਨਾਲ ਆਉਣ ਵਾਲੇ ਸਮੇਂ ਵਿੱਚ ਗੁਰਦੁਆਰਾ ਪ੍ਰਬੰਧ ਲਈ ਵੱਧ-ਚੜ੍ਹ ਕੇ ਸੇਵਾ ਕਰਨਗੇ।ਇਸ ਮੌਕੇ ਨਵਨਿਯੁਕਤ ਪ੍ਰਧਾਨ ਸ. ਮਹਾ ਸਿੰਘ ਸੋਢੀ ਨੇ ਸ. ਹਰਮੀਤ ਸਿੰਘ ਕਾਲਕਾ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਦੀ ਕੁਰਬਾਨੀ ਦੀ ਬਦੌਲਤ ਹੀ ਆਜ਼ਾਦ ਫ਼ਿਜ਼ਾ ਅਤੇ ਸ਼ਾਂਤੀ ਦੀ ਬਹਾਲੀ ਹੋਈ ਹੈ, ਜਿਸ ਲਈ ਇਨ੍ਹਾਂ ਸ਼ਹੀਦ ਪਰਿਵਾਰਾਂ ਦਾ ਮੁੱਲ ਮੋੜਿਆ ਨਹੀਂ ਜਾ ਸਕਦਾ। ਇਸ ਦੌਰਾਨ ਡੀ.ਐਸ.ਪੀ. ਡਾ. ਮਨੋਜ ਗੌਰਸੀ ਦੀ ਅਗਵਾਈ ਹੇਠਲੀ ਪੁਲਿਸ ਟੁਕੜੀ ਨੇ ਸੋਗ ਤੇ ਸਲਾਮੀ ਸ਼ਾਸ਼ਤਰ ਅਤੇ ਦੋ ਮਿੰਟ ਦਾ ਮੌਨ ਧਾਰਨ ਮਗਰੋਂ ਬਿਗਲਰ ਵੱਲੋਂ ਰਿਵਾਲੀ ਦੀ ਧੁਨ ਵਜਾਏ ਜਾਣ ਨਾਲ ਸ਼ਹੀਦਾਂ ਨੂੰ ਸਲਾਮੀ ਦਿੱਤੀ। ਡੀ.ਐਸ.ਪੀ. (ਸਥਾਨਕ) ਨੇਹਾ ਅਗਰਵਾਲ ਨੇ ਦੇਸ਼ ਦੀ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਲਈ ਦੇਸ਼ ਭਰ ਵਿੱਚ ਸ਼ਹੀਦ ਹੋਣ ਵਾਲੇ ਸਮੂਹ ਪੁਲਿਸ ਤੇ ਅਰਧ ਸੈਨਿਕ ਬਲਾਂ ਦੇ ਅਧਿਕਾਰੀਆਂ ਤੇ ਜਵਾਨਾਂ ਦੇ ਨਾਮ ਪੜ੍ਹ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਜ਼ਿਲ੍ਹਾ ਪੁਲਿਸ ਵੱਲੋਂ ਸ਼ਹੀਦ ਪਰਿਵਾਰਾਂ ਦਾ ਸਨਮਾਨ ਕਰਨ ਉਪਰੰਤ ਸ਼ਹੀਦ ਪਰਿਵਾਰਾਂ ਦੀਆਂ ਦੁੱਖ ਤਕਲੀਫ਼ਾਂ ਵੀ ਸੁਣੀਆਂ ਗਈਆਂ। ਸਮਾਗਮ ਮੌਕੇ ਵਧੀਕ ਸੈਸ਼ਨਜ ਜੱਜ ਅਤੁਲ ਕੰਬੋਜ, ਵਧੀਕ ਕਮਿਸ਼ਨਰ ਇਸ਼ਾ ਸਿੰਗਲ, ਜ਼ਿਲ੍ਹਾ ਅਟਾਰਨੀ ਲੀਗਲ ਅਨਮੋਲਜੀਤ ਸਿੰਘ, ਸਾਬਕਾ ਪੁਲਿਸ ਅਧਿਕਾਰੀ ਪਰਮਜੀਤ ਸਿੰਘ ਗਿੱਲ, ਬਲਕਾਰ ਸਿੰਘ ਸਿੱਧੂ, ਅਮਰਜੀਤ ਸਿੰਘ ਘੁੰਮਣ, ਸੁਖਦੇਵ ਸਿੰਘ ਵਿਰਕ, ਸਮਸ਼ੇਰ ਸਿੰਘ ਬੋਪਾਰਾਏ, ਮਨਜੀਤ ਸਿੰਘ ਬਰਾੜ, ਪੰਜਾਬ ਪੁਲਿਸ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਪ੍ਰਧਾਨ ਸੁਖਵਿੰਦਰ ਸਿੰਘ, ਐਸ.ਪੀਜ ਹਰਬੰਤ ਕੌਰ, ਜਸਬੀਰ ਸਿੰਘ ਸਿੰਘ, ਰਜੇਸ਼ ਛਿੱਬੜ, ਗੁਰਦੇਵ ਸਿੰਘ ਧਾਲੀਵਾਲ, ਡੀ.ਐਸ.ਪੀਜ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

ਜਲ ਸਰੋਤ ਮਾਮਲਿਆਂ ਸਬੰਧੀ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨਾਲ ਮੁਲਾਕਾਤ

ਪਾਣੀ ਪ੍ਰਬੰਧਨ ਅਤੇ ਇਸ ਦੀ ਸਾਂਭ ਸੰਭਾਲ ਸਬੰਧੀ ਇਕ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ -ਮੁੰਡੀਆਂ

ਆਜ਼ਾਦ ਸੋਚ
ਜੇ ਐਸ ਖੰਨਾ, ਜਤਿੰਦਰ ਕੁਮਾਰ
ਖੰਨਾ , 20 ਅਕਤੂਬਰ

ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਜਲ ਸਰੋਤ ਮਾਮਲਿਆਂ ਸਬੰਧੀ ਉੱਘੇ ਸਮਾਜ ਸੇਵੀ ਅਮਰਿੰਦਰ ਸਿੰਘ ਚਹਿਲ, ਨੈਸ਼ਨਲ ਅਵਾਰਡੀ ਡਾ. ਬਲਰਾਮ ਸ਼ਰਮਾ ਪ੍ਰਧਾਨ, ਮਾਨਵ ਕਲਿਆਣ ਮਿਸ਼ਨ ਪੰਜਾਬ ਅਤੇ ਬਲਜੀਤ ਸਿੰਘ ਰਾਮਗੜ੍ਹ ਦੇ ਇੱਕ ਵਫ਼ਦ ਵੱਲੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਮੌਕੇ ਵਫਦ ਵੱਲੋਂ ਪੀਣ ਵਾਲੇ ਸਾਫ ਪਾਣੀ ਦੀ ਉਪਲੱਬਧਤਾ, ਸੈਨੀਟੇਸ਼ਨ ਸੇਵਾਵਾਂ ਨੂੰ ਯਕੀਨੀ ਬਣਾਉਣ, ਨਿਜੀ ਜਲ ਸਰੋਤ ਧਾਰਕਾਂ ਨੂੰ ਸਰਕਾਰੀ ਜਲ ਸਪਲਾਈ ਸਰੋਤਾਂ ਨਾਲ ਜੋੜਨ, ਰਹਿੰਦੇ ਨਹਿਰੀ ਪ੍ਰੋਜੈਕਟਾਂ ਨੂੰ ਮੁਕੰਮਲ ਕਰਨ, ਪਾਣੀ ਦੇ ਪ੍ਰਦੂਸ਼ਣ ਅਤੇ ਇਸ ਦੀ ਦੁਰਵਰਤੋਂ ਨੂੰ ਰੋਕਣ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਕੈਬਨਿਟ ਮੰਤਰੀ ਮੁੰਡੀਆਂ ਨੇ ਵਫ਼ਦ ਨੂੰ ਯਕੀਨ ਦਿਵਾਉਂਦਿਆਂ ਕਿਹਾ ਕਿ ਬਹੁਤ ਜਲਦ ਪਾਣੀ ਪ੍ਰਬੰਧਨ ਅਤੇ ਇਸ ਦੀ ਸਾਂਭ ਸੰਭਾਲ ਸਬੰਧੀ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ ਜਿਸ ਵਿੱਚ ਪਿੰਡਾਂ ਦੀ ਭਾਗੇਦਾਰੀ ਨੂੰ ਯਕੀਨੀ ਬਣਾਇਆ ਜਾਵੇਗਾ। ਉਹਨਾਂ ਕਿਹਾ ਕਿ ਸਰਕਾਰ ਜਲਦ ਹੀ ਕੁਲ 35 ਲੱਖ ਵਿੱਚੋਂ 12 ਲੱਖ ਰਹਿੰਦੇ ਨਿੱਜੀ ਜਲ ਸਰੋਤ ਧਾਰਕ ਪਰਿਵਾਰਾਂ ਨੂੰ ਸਰਕਾਰੀ ਜਲ ਸਪਲਾਈ ਨਾਲ ਜੋੜ ਰਹੀ ਹੈ। ਉਹਨਾਂ ਕਿਹਾ ਕਿ 2174 ਕਰੋੜ ਰੁਪਏ ਦੀ ਲਾਗਤ ਨਾਲ ਮਨਜ਼ੂਰ ਕੀਤੇ ਗਏ 15 ਵੱਡੀ ਪੱਧਰ ਦੇ ਨਹਿਰੀ ਜਲ ਸਪਲਾਈ ਪ੍ਰੋਜੈਕਟਾਂ ਨੂੰ ਪਾਰਦਰਸ਼ਤਾ ਅਤੇ ਇਮਾਨਦਾਰੀ ਨਾਲ ਸਮੇਂ ਸਿਰ ਮੁਕੰਮਲ ਕਰ ਲਿਆ ਜਾਵੇਗਾ। ਉਹਨਾਂ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਮੌਜੂਦਾ ਸਮੇਂ ਵਿੱਚ 153 ਬਲਾਕਾਂ ਦੀਆਂ 11467 ਗ੍ਰਾਮ ਪੰਚਾਇਤਾਂ ਵਿੱਚ ਕੁੱਲ 9492 ਸਕੀਮਾਂ ਚੱਲ ਰਹੀਆਂ ਹਨ। ਉਹਨਾਂ ਕਿਹਾ ਕਿ ਲੋਕ ਵਿਭਾਗੀ ਸਕੀਮਾਂ ਦੀ ਜਾਣਕਾਰੀ ਲਈ ਐਮ ਗ੍ਰਾਮ ਸੇਵਾ ਐਪ ਦੀ ਵਰਤੋਂ ਕਰਨ। ਉਹਨਾਂ ਨੇ ਵਫਦ ਨੂੰ ਵਿਸ਼ਵਾਸ ਦਵਾਇਆ ਕਿ ਪਾਣੀ ਦੇ ਪ੍ਰਦੂਸ਼ਣ ਅਤੇ ਇਸ ਦੀ ਦੁਰਵਰਤੋਂ ਨੂੰ ਰੋਕਣ ਸਬੰਧੀ ਵਾਟਰ ਐਕਟ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ।

ਸੂਬੇ 'ਚ ਅਮਨ ਕਾਨੂੰਨ ਕਾਇਮ ਕਰਨ ਲਈ ਪੰਜਾਬ ਪੁਲਿਸ ਦੀ ਵੱਡੀ ਕੁਰਬਾਨੀ : ਡੀ.ਆਈ.ਜੀ. ਮਨਦੀਪ ਸਿੱਧੂ

ਪੁਲਿਸ ਯਾਦਗਾਰੀ ਦਿਹਾੜੇ ਮੌਕੇ ਪਟਿਆਲਾ ਪੁਲਿਸ ਲਾਈਨ 'ਚ ਸ਼ਰਧਾਂਜਲੀ ਸਮਾਰੋਹ

ਆਜ਼ਾਦ ਸੋਚ
ਹਰਵਿੰਦਰ ਲਾਲੀ/ਪਟਿਆਲਾ, 20 ਅਕਤੂਬਰ

ਪਟਿਆਲ

ਸੰਪਾਦਕੀ

ਆਜ਼ਾਦ ਸੋਚ

ਨਾਇਬ ਸੈਣੀ ਦੀ ਵਾਪਸੀ

ਭਾਰਤੀ ਜਨਤਾ ਪਾਰਟੀ ਨੂੰ ਪੂਰਾ ਹੱਕ ਹੈ ਕਿ ਉਹ ਹਰਿਆਣਾ ਵਿੱਚ ਮਿਲੇ ਤੀਜੇ ਕਾਰਜਕਾਲ ਦੇ ਫ਼ੈਸਲਾਕੁਨ ਲੋਕ ਫ਼ਤਵੇ ਨੂੰ ਆਪਣੇ ਪ੍ਰਸ਼ਾਸਕੀ ਮਾਡਲ ਦੇ ਪੱਖ ਵਿੱਚ ਪਈ ਵੋਟ ਵਜੋਂ ਦੇਖੇ; ਉਂਝ, ਨਾਇਬ ਸੈਣੀ ਨੂੰ ਇਸ ਗੱਲ ਦਾ ਪੂਰਾ ਧਿਆਨ ਰੱਖਣਾ ਪਏਗਾ ਕਿ ਅਤਿ-ਵਿਸ਼ਵਾਸ ਦਾ ਇਹ ਪ੍ਰਵਾਹ ਕਿਤੇ ਉਨ੍ਹਾਂ ਦੀ ਸਰਕਾਰ ਦੀ ਕਾਰਜਪ੍ਰਣਾਲੀ ਉੱਤੇ ਭਾਰੂ ਨਾ ਪੈ ਜਾਵੇ। ਕਾਂਗਰਸ ਵੱਲੋਂ ਹਾਲ ਹੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਅਪਣਾਈ ਗਈ ਇਸੇ ਤਰ੍ਹਾਂ ਦੀ ਪਹੁੰਚ ਦੇ ਨਤੀਜੇ ਅਜੇ ਵੀ ਯਾਦਾਂ 'ਚ ਤਾਜ਼ਾ ਹਨ। ਚੁਣਾਵੀ ਸਿਆਸਤ ਦੇ ਸਮੀਕਰਨ ਇਸ ਤਰ੍ਹਾਂ ਦੇ ਹਨ ਕਿ ਸੀਟਾਂ ਦੀ ਗਿਣਤੀ ਅਕਸਰ ਧੀਮੇ ਸੁਰਾਂ ਜਾਂ ਸੰਕੇਤਾਂ ਨੂੰ ਲੁਕੋ ਲੈਂਦੀ ਹੈ। ਭਾਰਤੀ ਜਨਤਾ ਪਾਰਟੀ ਵਰਗੀ ਪਾਰਟੀ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਬਾਰੀਕੀਆਂ ਦਾ ਹਰ ਪੱਖੋਂ ਮੁਲਾਂਕਣ ਕਰੇ। ਨਾਇਬ ਸੈਣੀ ਦੀ ਅਗਵਾਈ ਵਿੱਚ ਪਾਰਟੀ ਨੇ ਹਰ ਔਕੜ ਪਾਰ ਕਰ ਕੇ ਜਿੱਤ ਹਾਸਿਲ ਕੀਤੀ ਹੈ ਪਰ ਇਸ ਨੇ ਨਾਲ ਹੀ ਇਹ ਪਛਾਣ ਕੇ ਵੀ ਚੰਗਾ ਕੰਮ ਕੀਤਾ ਹੈ ਕਿ ਚੋਣਾਂ ਤੋਂ ਪਹਿਲਾਂ ਕੇਵਲ ਸੱਤਾ ਵਿਰੋਧੀ ਲਹਿਰ ਨੂੰ ਬਦਲਾਓ ਦਾ ਸੂਚਕ ਨਹੀਂ ਸਮਝਿਆ ਜਾ ਸਕਦਾ।

ਨਾਇਬ ਸੈਣੀ ਵੱਲੋਂ ਮੁੱਖ ਮੰਤਰੀ ਵਜੋਂ ਦੂਜੇ ਕਾਰਜਕਾਲ ਦੀ ਸਹੁੰ ਚੁੱਕਣ ਤੋਂ ਬਾਅਦ ਸਰਕਾਰ ਦਾ ਮੁੱਢਲਾ ਮੰਤਵ ਵਾਅਦਿਆਂ ਤੇ ਇਨ੍ਹਾਂ ਦੀ ਪੂਰਤੀ ਵਿਚਲੇ ਖੱਪੇ ਦੀ ਧਾਰਨਾ ਨਾਲ ਨਜਿੱਠਣਾ ਹੋਣਾ ਚਾਹੀਦਾ ਹੈ। ਸੈਣੀ ਨੂੰ ਜਦੋਂ ਮਾਰਚ ਵਿੱਚ ਉਨ੍ਹਾਂ ਦੇ ਉਸਤਾਦ ਮਨੋਹਰ ਲਾਲ ਖੱਟਰ ਦੀ ਥਾਂ ਚੁਣਿਆ ਗਿਆ ਸੀ ਤਾਂ ਸਾਰਿਆਂ ਨੂੰ ਇਹ ਕਾਫ਼ੀ ਅਜੀਬ ਜਾਪਿਆ ਸੀ। ਹੁਣ ਵਿਧਾਨ ਸਭਾ ਚੋਣਾਂ ਵਿੱਚ ਬੇਮਿਸਾਲ ਜਿੱਤ ਨੇ ਸੈਣੀ ਦਾ ਕੱਦ ਵਧਾ ਦਿੱਤਾ ਹੈ, ਉਹ ਵੀ ਉਦੋਂ ਜਦੋਂ ਬਹੁਤੇ ਉਨ੍ਹਾਂ ਨੂੰ ਬਾਹਰੋਂ ਵੀ ਇੱਕ ਮੌਕਾ ਦੇਣ ਦੇ ਹੱਕ ਵਿੱਚ ਨਹੀਂ ਸਨ। ਪਾਰਟੀ ਦੀ ਕੇਂਦਰੀ ਲੀਡਰਸ਼ਿਪ ਭਾਵੇਂ ਅਜੇ ਵੀ ਅਹਿਮ ਮਾਮਲਿਆਂ 'ਤੇ ਆਖ਼ਿਰੀ ਫ਼ੈਸਲੇ ਕਰੇਗੀ ਪਰ ਸੈਣੀ ਨੂੰ ਆਖ਼ਿਰਕਾਰ ਹੁਣ ਮਨੋਹਰ ਲਾਲ ਖੱਟਰ ਦੇ ਪਰਛਾਵੇਂ ਵਿੱਚੋਂ ਨਿਕਲ ਕੇ ਨਵਾਂ ਰਾਹ ਤਿਆਰ ਕਰਨ ਦਾ ਮੌਕਾ ਮਿਲ ਗਿਆ ਹੈ। ਸੈਣੀ ਦੀ ਕੈਬਨਿਟ ਵਿੱਚ ਜਾਤੀ ਅਤੇ ਖੇਤਰੀ ਤਰਜੀਹਾਂ ਦਾ ਸੰਤੁਲਨ ਬਣਾਇਆ ਗਿਆ ਹੈ ਜਿਸ ਵਿੱਚ ਪਹਿਲੀ ਵਾਰ ਬਣੇ ਵਿਧਾਇਕ ਵੀ ਸ਼ਾਮਿਲ ਹਨ। ਸੈਣੀ ਦੇ ਸਿਰ ਹੁਣ ਪਾਰਟੀ ਵਿਚਲੇ ਸੀਨੀਅਰ ਆਗੂਆਂ ਨੂੰ ਨਾਲ ਲੈ ਕੇ ਚੱਲਣ ਅਤੇ ਜੂਨੀਅਰ ਆਗੂਆਂ ਨੂੰ ਸੇਧ ਦੇਣ ਦੀ ਜ਼ਿੰਮੇਵਾਰੀ ਹੈ।

Published, Printed and Owned by Anil Kumar Garg, Published at Street No-11, Manshahia Colony, Near Grewal Filling Station, Sangrur, Punjab State, Pin-148001, Printed at- Tejas Printers, Opposite Government High School, Patiala Cant., Dhamomajra Road, Patiala, Punjab State, Pin-147001. Editor-Anil Kumar Garg

ਭਾਰਤ ਦੇ ਪੱਛਮ ਨਾਲ ਰਿਸ਼ਤਿਆਂ 'ਚ ਤਰੇੜਾਂ

ਸੰਜੇ ਬਾਰੂ

ਪਰਵਾਸੀ ਭਾਰਤੀਆਂ ਦੀ ਵਧ ਰਹੀ ਤਾਦਾਦ ਪਿਛਲੇ ਦਹਾਕੇ ਤੋਂ ਆਲਮੀ ਪਰਵਾਸ ਦੀ ਅਹਿਮ ਕਹਾਣੀ ਬਣੀ ਹੋਈ ਹੈ। ਅਮਰੀਕਾ ਤੋਂ ਆਸਟਰੇਲੀਆ ਤੱਕ, ਸਿੰਗਾਪੁਰ ਤੋਂ ਦੁਬਈ ਅਤੇ ਪੁਰਤਗਾਲ ਤੋਂ ਇਜ਼ਰਾਈਲ ਤੱਕ ਸਭ ਥਾਈਂ ਭਾਰਤੀਆਂ ਦੇ ਪਰਵਾਸ ਵਿੱਚ ਬੇਤਹਾਸ਼ਾ ਵਾਧਾ ਹੋ ਰਿਹਾ ਹੈ। 2014 ਵਿੱਚ ਕੈਨੇਡਾ 'ਚ ਮਸਾਂ 38364 ਭਾਰਤੀ ਪਰਵਾਸੀ ਸਥਾਈ ਨਾਗਰਿਕ ਬਣੇ ਸਨ। 2022 ਦੇ ਅੰਤ ਤੱਕ ਇਹ ਸੰਖਿਆ ਵਧ ਕੇ 1,18,095 'ਤੇ ਪਹੁੰਚ ਗਈ ਸੀ। ਇਸ ਦੇ ਮੁਕਾਬਲੇ 2022 ਵਿੱਚ 30 ਕੁ ਹਜ਼ਾਰ ਚੀਨੀ ਪਰਵਾਸੀ ਕੈਨੇਡਾ ਪਹੁੰਚੇ ਸਨ। ਪਿਛਲੇ ਕਈ ਦਹਾਕਿਆਂ ਤੋਂ ਕੈਨੇਡਾ ਭਾਰਤੀ ਖ਼ਾਸਕਰ ਪੰਜਾਬੀ ਪਰਵਾਸੀਆਂ ਦਾ ਚਹੇਤਾ ਟਿਕਾਣਾ ਬਣਿਆ ਹੋਇਆ ਹੈ ਅਤੇ ਇਸ ਤੋਂ ਇਲਾਵਾ ਕੈਨੇਡਾ ਅਜਿਹਾ ਰਣਨੀਤਕ ਭਾਈਵਾਲ ਵੀ ਰਿਹਾ ਹੈ ਜਿਸ ਨੇ ਭਾਰਤ ਦੀ ਪਰਮਾਣੂ ਸਲਾਹੀਅਤ ਨੂੰ ਉਸਾਰਨ ਵਿੱਚ ਮਦਦ ਕੀਤੀ ਸੀ। ਫਿਰ ਭਲਾ ਦੋਵੇਂ ਦੇਸ਼ਾਂ ਦੇ ਆਪਸੀ ਰਿਸ਼ਤਿਆਂ ਵਿੱਚ ਐਨਾ ਨਿਘਾਰ ਕਿਉਂ ਆ ਗਿਆ ਹੈ ਜਿਸ ਦੀ ਨਜ਼ੀਰ ਨਹੀਂ ਮਿਲਦੀ?

ਭਾਰਤੀ ਸਫ਼ੀਰਾਂ ਅਤੇ ਹੋਰਨਾਂ ਸਰਕਾਰੀ ਅਧਿਕਾਰੀਆਂ ਨੇ ਇਸ ਦਾ ਦੋਸ਼ ਪ੍ਰਧਾਨ ਮੰਤਰੀ ਜਸਟਿਨ ਟਰੂਡੋ 'ਤੇ ਮਢਿ?ਹਆ ਹੈ ਅਤੇ ਉਨ੍ਹਾਂ ਉੱਪਰ ਆਪਣੀਆਂ ਖ਼ੁਦਪ੍ਰਸਤ ਘਰੇਲੂ ਸਿਆਸੀ ਰਣਨੀਤੀਆਂ ਨੂੰ ਵਿਦੇਸ਼ ਨੀਤੀ ਅਤੇ ਕੌਮੀ ਸੁਰੱਖਿਆ ਨਾਲ ਰਲਗੱਡ ਕਰਨ ਦਾ ਦੋਸ਼ ਲਾਇਆ ਹੈ। ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਕੈਨੇਡੀਅਨ ਸਿੱਖਾਂ ਦੀਆਂ ਵੋਟਾਂ ਦਰਕਾਰ ਹਨ ਜਿਸ ਕਰ ਕੇ ਉਨ੍ਹਾਂ ਦੀਆਂ ਖ਼ਾਲਿਸਤਾਨੀ ਖਾਹਿਸ਼ਾਂ ਨੂੰ ਉਹ ਸ਼ਹਿ ਦੇ ਰਹੇ ਹਨ। ਇਸ ਤੋਂ ਇਲਾਵਾ ਹੋਰ ਦੋਸ਼ ਵੀ ਸੰਗੀਨ ਹਨ। ਟਰੂਡੋ ਸਰਕਾਰ ਉੱਪਰ ਨਸ਼ਾ ਤਸਕਰਾਂ, ਅਪਰਾਧੀਆਂ ਅਤੇ ਭਾਰਤ ਵਿਰੋਧੀ ਦਹਿਸ਼ਤਗਰਦਾਂ ਨੂੰ ਸ਼ਹਿ ਦੇਣ ਦੇ ਦੋਸ਼ ਲਾਏ ਗਏ ਹਨ।ਦੂਜੇ ਬੰਨੇ ਟਰੂਡੋ ਸਰਕਾਰ ਨੇ ਭਾਰਤੀ ਸੂਹੀਆ ਏਜੰਟਾਂ ਅਤੇ ਡਿਪਲੋਮੈਟਾਂ ਉੱਪਰ ਕੈਨੇਡੀਅਨ ਨਾਗਰਿਕਾਂ ਦੀ ਹੱਤਿਆ ਦੀ ਸਾਜਿਸ਼ ਰਚਣ ਦੇ ਦੋਸ਼ ਲਾਏ ਹਨ। ਸ਼ੁਰੂ ਵਿੱਚ ਇਹ ਇੱਕ ਤਰ੍ਹਾਂ ਦੀ ਕੂਟਨੀਤਕ ਖਹਿਬਾਜ਼ੀ ਨਜ਼ਰ ਆ ਰਹੀ ਸੀ ਪਰ ਜਦੋਂ ਇਸ ਮਾਮਲੇ ਵਿੱਚ ਅਮਰੀਕਾ ਵੀ ਕੁੱਦ ਪਿਆ ਤਾਂ ਇਹ ਵੱਡੇ ਤਣਾਅ ਦਾ ਰੂਪ ਧਾਰਨ ਕਰ ਗਿਆ ਅਤੇ ਅਮਰੀਕਾ ਨੇ ਇਸ ਮਾਮਲੇ ਨੂੰ ਕੈਨੇਡੀਅਨ ਸਿੱਖ ਦੀ ਹੱਤਿਆ ਅਤੇ ਅਮਰੀਕੀ ਸਿੱਖ ਦੀ ਹੱਤਿਆ ਦੀ ਸਾਜਿ?ਸ਼ ਨਾਲ ਜੋੜ ਦਿੱਤਾ। ਕੈਨੇਡਾ, ਅਮਰੀਕਾ ਅਤੇ ਬਰਤਾਨੀਆ ਵਿੱਚ ਖ਼ਾਲਿਸਤਾਨ ਪੱਖੀ ਸਰਗਰਮੀ ਬਾਰੇ ਭਾਰਤ ਦੀ ਸਿ?ਕਾਇਤ ਘਰੇਗੀ ਸੁਰੱਖਿਆ ਸਰੋਕਾਰਾਂ 'ਤੇ ਆਧਾਰਿਤ ਹੈ ਪਰ ਇਸ ਸਵਾਲ ਦਾ ਅਜੇ ਤੱਕ ਜਵਾਬ ਨਹੀਂ ਮਿਲ ਸਕਿਆ ਕਿ ਹਾਲੀਆ ਸਮਿਆਂ ਵਿੱਚ ਇਹ ਸਰਗਰਮੀ ਕਿੰਨੀ ਕੁ ਗੰਭੀਰ ਸੀ ਅਤੇ ਕੀ ਇਸ ਖਾਤਿਰ ਲੋਕਰਾਜੀ ਮੁਲਕਾਂ ਦਰਮਿਆਨ ਕੂਟਨੀਤਕ ਰਿਸ਼ਤਿਆਂ ਨੂੰ ਦਾਅ 'ਤੇ ਲਾ ਦੇਣ ਦੀ ਲੋੜ ਸੀ?

ਮੋਦੀ ਸਰਕਾਰ ਦੀ ਇਸ ਧਾਰਨਾ ਦੀ ਸਮਝ ਪੈਂਦੀ ਹੈ ਕਿ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਭਾਰਤੀ ਸਰੋਕਾਰਾਂ ਪ੍ਰਤੀ ਸੰਵੇਦਨਸ਼ੀਲ ਨਹੀਂ ਹਨ। ਬਹਰਹਾਲ, ਕੈਨੇਡਾ ਅਤੇ ਅਮਰੀਕਾ ਵੱਲੋਂ ਭਾਰਤ ਦੇ ਡਿਪਲੋਮੈਟਾਂ ਅਤੇ ਸੀਨੀਅਰ ਸਰਕਾਰੀ ਅਫਸਰਾਂ ਖਿ?ਲਾਫ਼ ਅਪਰਾਧੀ ਅਨਸਰਾਂ ਨਾਲ ਰਲ?ਣ ਦੇ ਲਾਏ ਦੋਸ਼ ਬਹੁਤ ਗੰਭੀਰ ਹਨ। ਇਸ ਤੋਂ ਦੋ ਸਵਾਲ ਪੈਦਾ ਹੁੰਦੇ ਹਨ। ਪਹਿਲਾ ਇਹ ਕਿ ਕੈਨੇਡੀਅਨ ਅਤੇ ਅਮਰੀਕਨ ਸਰਕਾਰਾਂ ਨੇ ਇਸ ਮਾਮਲੇ ਨੂੰ ਜਨਤਕ ਕਿਉਂ ਕੀਤਾ ਹੈ? ਦੂਜਾ ਇਹ ਕਿ ਭਾਰਤੀ ਪੱਖ ਤੋਂ ਅੰਤਿਮ ਜਿ?ਮੇਵਾਰੀ ਕਿਸ ਦੀ ਬਣਦੀ ਹੈ? ਦੂਜੇ ਸਵਾਲ ਨੂੰ ਲੈ ਕੇ ਅਮਰੀਕਾ ਕੈਨੇਡਾ, ਦੋਵਾਂ ਨੇ ਨਾਵਾਂ ਦਾ ਜਿ?ਕਰ ਕੀਤਾ ਹੈ ਅਤੇ ਆਪਣੀ ਬੇਗੁਨਾਹੀ ਸਿੱਧ ਕਰਨ ਦੀ ਜਿ?ਮੇਵਾਰੀ ਸਬੰਧਿਤ ਭਾਰਤੀ ਅਹਿਲਕਾਰਾਂ ਉੱਪਰ ਪਾ ਦਿੱਤੀ ਹੈ।

ਪਹਿਲਾ ਸਵਾਲ ਇਸ ਕਰ ਕੇ ਅਹਿਮ ਹੈ ਕਿਉਂਕਿ ਕੈਨੇਡਾ ਅਤੇ ਅਮਰੀਕਾ ਦੇ ਭਾਰਤ ਨਾਲ ਕਾਫੀ ਵਧੀਆ ਕੂਟਨੀਤਕ ਰਿਸ਼ਤੇ ਰਹੇ ਹਨ ਅਤੇ ਇਹ ਤਵੱਕੋ ਕੀਤੀ ਜਾਂਦੀ ਰਹੀ ਹੈ ਕਿ ਅਜਿਹੇ ਮਾਮਲਿਆਂ ਨੂੰ ਵਧੇਰੇ ਤਹੱਮਲ ਨਾਲ ਨਜਿੱਠਿਆ ਜਾਵੇ। ਪਹਿਲੇ ਸਵਾਲ ਦੇ ਪ੍ਰਸੰਗ ਵਿੱਚ ਭਾਰਤ ਨੇ ਦੋਸ਼ ਲਾਇਆ ਹੈ ਕਿ ਟਰੂਡੋ ਦਲਗਤ ਰਾਜਨੀਤੀ ਖੇਡ ਰਹੇ ਹਨ ਅਤੇ ਉਨ੍ਹਾਂ ਨੂੰ ਕੈਨੇਡੀਅਨ ਸਿੱਖ ਵੋਟਾਂ ਦੇ ਆਸਰੇ ਚੋਣਾਂ ਵਿੱਚ ਜਿੱਤ ਦੀ ਉਮੀਦ ਹੈ। ਇਹ ਦੋਸ਼ ਕੁਝ ਉਵੇਂ ਦਾ ਹੀ ਹੈ ਜਿਵੇਂ ਪਾਕਿਸਤਾਨ ਵੱਲੋਂ ਭਾਰਤੀ ਸਿਆਸਤਦਾਨਾਂ ਉੱਪਰ ਕਥਿਤ 'ਸਰਹੱਦ ਪਾਰੋਂ' ਦਹਿਸ਼ਤਗਰਦ ਹਮਲਿਆਂ ਦੇ ਦੋਸ਼ਾਂ 'ਚੋਂ ਸਿਆਸੀ ਲਾਹਾ ਖੱਟਣ ਦੀ ਗੱਲ ਆਖੀ ਜਾਂਦੀ ਹੈ। ਕੌਮੀ ਸੁਰੱਖਿਆ ਦੇ ਮੁੱਦਿਆਂ ਦਾ ਘਰੇਲੂ ਸਿਆਸਤ ਨਾਲ ਰਲਗੱਡ ਦੋ ਤਰਫ਼ਾ ਮਾਮਲਾ ਬਣ ਜਾਂਦਾ ਹੈ ਅਤੇ ਇਸ ਬਾਰੇ ਇਹ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਕੋਈ ਤੀਜੀ ਧਿਰ ਇਸ ਨੂੰ ਕਿਵੇਂ ਲੈਂਦੀ ਹੈ। ਕੀ ਕੌਮਾਂਤਰੀ ਲੋਕ ਰਾਏ ਭਾਰਤ ਦੇ ਦੋਸ਼ ਨੂੰ ਕੈਨੇਡਾ ਵੱਲੋਂ ਲਾਏ ਗਏ ਦੋਸ਼ਾਂ ਨਾਲੋਂ ਵਧੇਰੇ ਹਮਦਰਦੀ ਨਾਲ ਦੇਖਦੀ ਹੈ? ਕੀ ਕਿਸੇ ਨੂੰ ਇਸ ਦੀ ਪ੍ਰਵਾਹ ਕਰਨੀ ਚਾਹੀਦੀ ਹੈ?

ਸ਼ਾਇਦ ਕੁਝ ਲੋਕ ਸੋਚਦੇ ਹੋਣਗੇ ਕਿ ਟਰੂਡੋ ਸਰਕਾਰ ਨੂੰ ਨਜ਼ਰਅੰਦਾਜ਼ ਕਰ ਕੇ ਭਾਰਤ ਦਾ ਸਰ ਸਕਦਾ ਹੈ। ਨਵੀਂ ਦਿੱਲੀ 'ਚ ਇਹੀ ਦ੍ਰਿਸ਼ਟੀਕੋਣ ਭਾਰੂ ਸੀ ਜਦੋਂ ਪਹਿਲਾਂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਸਬੰਧਿਤ ਦੋਸ਼ ਲਾਏ ਗਏ ਸਨ। ਫਿਰ ਅਮਰੀਕਾ ਨੇ ਭਾਰਤੀ ਅਧਿਕਾਰੀਆਂ ਉੱਤੇ ਅਮਰੀਕੀ ਧਰਤੀ 'ਤੇ ਨਾ ਸਿਰਫ਼ ਇਸੇ ਤਰ੍ਹਾਂ ਦੀ ਹੱਤਿਆ ਦੀ ਸਾਜਿ?ਸ਼ ਘੜਨ ਦੇ ਦੋਸ਼ ਲਾਏ ਬਲਕਿ ਕਾਨੂੰਨੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ। ਇਹ ਮਾਮਲਾ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕੋਸ਼ਿਸ਼ ਨਾਲ ਜੁੜਿ?ਆ ਹੋਇਆ ਸੀ।

ਕੀ ਇਹ ਸਭ ਦੋਸਤਾਂ ਦਰਮਿਆਨ ਗ਼ਲਤਫਹਿਮੀ ਅਤੇ ਭਰੋਸੇ ਦੀ ਘਾਟ ਦਾ ਮਸਲਾ ਹੈ ਜਾਂ ਹੋਰ ਵੱਡੇ ਮੁੱਦੇ ਵੀ ਇਸ ਨਾਲ ਜੁੜੇ ਹੋਏ ਹਨ? ਸਾਰੇ ਜਾਣਦੇ ਹਨ ਕਿ 'ਐਂਗਲੋਸਫੀਅਰ' ਮੁਲਕ ਆਸਟਰੇਲੀਆ, ਬਰਤਾਨੀਆ, ਕੈਨੇਡਾ, ਨਿਊਜ਼ੀਲੈਂਡ ਤੇ ਅਮਰੀਕਾ ਆਪਣੇ 'ਫਾਈਵ ਆਈਜ਼' ਗੱਠਜੋੜ ਰਾਹੀਂ ਹਰ ਜਾਣਕਾਰੀ ਇੱਕ ਦੂਜੇ ਨਾਲ ਸਾਂਝੀ ਕਰਦੇ ਹਨ। ਇਸ ਦੇ ਮੱਦੇਨਜ਼ਰ ਟਰੂਡੋ 'ਤੇ ਸਿਰਫ਼ ਵੋਟਾਂ ਲੈਣ ਲਈ ਮਾਮਲੇ ਨੂੰ ਇਸ ਤਰ੍ਹਾਂ ਪੇਸ਼ ਕਰਨ ਦਾ ਦੋਸ਼ ਲਾਉਣਾ ਜਿ?ਆਦਾ ਭਰੋਸੇਮੰਦ ਜਵਾਬ ਨਹੀਂ ਜਾਪਦਾ।

ਇਸ ਤੋਂ ਵੀ ਮਹੱਤਵਪੂਰਨ, ਇੱਕ ਸਵਾਲ ਜੋ ਪੁੱਛਣਾ ਬਣਦਾ ਹੈ ਕਿ ਭਾਰਤ ਸਰਕਾਰ ਨੂੰ ਇਹ ਕਿਉਂ ਲੱਗਦਾ ਹੈ ਕਿ ਪੱਛਮੀ ਲੋਕਤੰਤਰ ਇਸ ਨੂੰ ਨਿਸ਼ਾਨਾ ਬਣਾ ਰਹੇ ਹਨ? ਇਹ ਵੀ ਕਿ ਭਾਰਤ ਤੇ ਇਨ੍ਹਾਂ ਮੁਲਕਾਂ ਵਿਚਾਲੇ ਕੋਈ ਸਮੱਸਿਆ ਹੈ ਜੋ ਪ੍ਰਤੱਖ ਹੋ ਰਹੀ ਹੈ? ਇਹ ਸਪੱਸ਼ਟ ਨਹੀਂ ਕਿ ਇਹ ਕਿੰਨੀ ਗੰਭੀਰ ਹੈ ਅਤੇ ਮਸਲੇ ਸੁਲਝਾਉਣ ਲਈ ਕੀ ਕੀਤਾ ਜਾ ਰਿਹਾ ਹੈ।

ਪਿਛਲੇ ਹਫ਼ਤੇ 'ਵਿਜੈਦਸ਼ਮੀ' ਭਾਸ਼ਣ ਵਿੱਚ ਆਰਐੱਸਐੱਸ ਮੁਖੀ ਮੋਹਨ ਭਾਗਵਤ ਨੇ ਅਸਿੱਧੇ ਢੰਗ ਨਾਲ ਪੱਛਮੀ 'ਉਦਾਰਵਾਦੀ ਲੋਕਤੰਤਰਾਂ' ਉੱਤੇ ਭਾਰਤ ਵਿੱਚ 'ਅਰਬ ਸਪਰਿੰਗ' (ਲੜੀਵਾਰ ਵਿਰੋਧ ਪ੍ਰਦਰਸ਼ਨ ਤੇ ਧਰਨੇ) ਕਿਸਮ ਦੀਆਂ 'ਰੰਗ ਕ੍ਰਾਂਤੀਆਂ' ਨੂੰ ਸ਼ਹਿ ਦੇਣ ਦਾ ਦੋਸ਼ ਲਾਇਆ ਜਿਵੇਂ ਉਨ੍ਹਾਂ ਬੰਗਲਾਦੇਸ਼ ਵਿਚ ਕੀਤਾ। ਪੱਛਮੀ ਜਮਹੂਰੀ ਤਾਕਤਾਂ ਨਾਲ ਸਾਡੇ ਸਬੰਧਾਂ ਨੂੰ ਦੇਖਣ ਦਾ ਇਹ ਨਜ਼ਰੀਆ ਭਾਰਤ ਦੀ ਵਿਦੇਸ਼ ਤੇ ਕੌਮੀ ਸੁਰੱਖਿਆ ਨੀਤੀ ਬਾਰੇ ਸਵਾਲ ਖੜ੍ਹੇ ਕਰਦਾ ਹੈ।

ਪ੍ਰਧਾਨ ਮੰਤਰੀ ਹੁੰਦਿਆਂ ਡਾ. ਮਨਮੋਹਨ ਸਿੰਘ ਅਕਸਰ ਆਪਣੇ ਬਹੁਤੇ ਭਾਸ਼ਣਾਂ ਵਿੱਚ ਕਹਿੰਦੇ ਹੁੰਦੇ ਸਨ ਕਿ "ਦੁਨੀਆ ਭਾਰਤ ਨੂੰ ਚੰਗਾ ਕੰਮ ਕਰਦਿਆਂ ਦੇਖਣਾ ਚਾਹੁੰਦੀ ਹੈ, ਸਾਡੀਆਂ ਚੁਣੌਤੀਆਂ ਅੰਦੂਰਨੀ ਹਨ।" ਇਹ ਦ੍ਰਿਸ਼ਟੀਕੋਣ ਇਸ ਮੁਲਾਂਕਣ 'ਤੇ ਆਧਾਰਿਤ ਸੀ ਕਿ ਕੌਮਾਂਤਰੀ ਭਾਈਚਾਰਾ ਖ਼ਾਸ ਤੌਰ 'ਤੇ ਉਦਾਰਵਾਦੀ ਲੋਕਤੰਤਰ, ਜਹਾਦੀ ਅਤਿਵਾਦ ਅਤੇ ਚੀਨ 'ਚ ਤਾਨਾਸ਼ਾਹੀ ਮਜ਼ਬੂਤ ਹੋਣ ਬਾਰੇ ਓਨੇ ਹੀ ਚਿੰਤਤ ਹਨ ਜਿੰਨਾ ਭਾਰਤ ਫਿਕਰਮੰਦ ਹੈ; ਇਸੇ ਲਈ ਇਹ ਪੱਛਮੀ ਉਦਾਰਵਾਦੀ, ਲੋਕਤੰਤਰੀ ਵਿਵਸਥਾ ਲਈ ਬਣੇ ਇਨ੍ਹਾਂ ਦੋਵਾਂ ਖ਼ਤਰਿਆਂ ਨੂੰ ਰੋਕਣ ਲਈ ਭਾਰਤ ਦੇ ਉਭਾਰ ਵਿੱਚ ਸਹਿਯੋਗੀ ਬਣ ਰਹੇ ਹਨ।

ਕੀ ਇਹ ਦ੍ਰਿਸ਼ਟੀਕੋਣ ਬਦਲ ਗਿਆ ਹੈ? ਕੀ ਭਾਰਤ ਹੁਣ 'ਐਂਗਲੋਸਫ਼ੀਅਰ' ਨੂੰ 'ਸਹਿਯੋਗੀ' ਵਜੋਂ ਨਹੀਂ ਦੇਖਦਾ, ਜਾਂ ਘੱਟੋ-ਘੱਟ ਆਪਣੀ ਤਰੱਕੀ 'ਚ ਇਸ ਨੂੰ ਸਾਥੀ ਵੀ ਨਹੀਂ ਮੰਨਦਾ? ਕੀ ਚੀਨ ਤੇ ਪਾਕਿਸਤਾਨ ਦੋਵਾਂ ਨੂੰ ਆਪਣੀ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਦੱਸ ਕੇ ਭਾਰਤ ਪੱਛਮੀ ਉਦਾਰ ਲੋਕਤੰਤਰਾਂ ਤੋਂ ਮੂੰਹ ਮੋੜਨ ਦਾ ਖ਼ਤਰਾ ਮੁੱਲ ਲੈ ਸਕਦਾ ਹੈ? ਕੀ ਇੱਥੇ ਵਿਦੇਸ਼ ਨੀਤੀ ਘੜਨ ਤੇ ਵਿਚਾਰਨ ਵਾਲਿਆਂ ਅਤੇ ਰਾਸ਼ਟਰੀ ਸੁਰੱਖਿਆ ਦੇਖਣ ਵਾਲਿਆਂ 'ਚ ਤਾਲਮੇਲ ਦੀ ਕਮੀ ਹੈ? ਟਰੂਡੋ ਨੇ ਇਸ ਤਰ੍ਹਾਂ ਦੇ ਕਈ ਸਵਾਲ ਚੁੱਕੇ ਹਨ।

ਇੱਧਰ ਸਾਡੇ ਗੁਆਂਢ ਵਿਚ ਪੱਛਮੀ ਏਸ਼ੀਆ 'ਚ ਵਾਪਰ ਰਿਹਾ ਟਕਰਾਅ ਜੋ ਯੂਰੋਪ 'ਚ ਜੰਗ ਤੋਂ ਬਾਅਦ ਹੋਇਆ ਹੈ, ਉਹ ਵੀ ਪੱਛਮ ਨਾਲ ਭਾਰਤ ਦੇ ਰਿਸ਼ਤਿਆਂ 'ਤੇ ਸਵਾਲੀਆ ਚਿੰਨ੍ਹ ਲਾਉਂਦਾ ਹੈ। ਪੱਛਮੀ ਏਸ਼ੀਆ ਦੇ ਟਕਰਾਅ 'ਚ ਅਮਰੀਕਾ ਦੀ ਵਧ ਰਹੀ ਸ਼ਮੂਲੀਅਤ ਇਸ ਸੰਘਰਸ਼ ਦਾ ਘੇਰਾ ਵਧਾ ਸਕਦੀ ਹੈ ਜਿਸ ਦੇ ਭਾਰਤੀ ਅਰਥਚਾਰੇ 'ਤੇ ਮਾਰੂ ਅਸਰ ਪੈ ਸਕਦੇ ਹਨ। ਤੇਲ ਕੀਮਤਾਂ ਵਧ ਸਕਦੀਆਂ ਹਨ ਤੇ ਖੇਤਰ ਵਿੱਚ ਮੌਜੂਦ ਲੱਖਾਂ ਭਾਰਤੀਆਂ ਦੀ ਸਲਾਮਤੀ ਖ਼ਤਰੇ ਵਿੱਚ ਪੈ ਸਕਦੀ ਹੈ ਜਿਸ ਦਾ ਭਾਰਤ 'ਤੇ ਵੱਡਾ ਆਰਥਿਕ ਬੋਝ ਪੈ ਸਕਦਾ ਹੈ।

ਕੁੱਲ ਮਿਲਾ ਕੇ ਜਾਪਦਾ ਹੈ, ਅਜੋਕਾ ਆਲਮੀ ਮਾਹੌਲ ਭਾਰਤ ਦੀ ਆਰਥਿਕ ਤਰੱਕੀ ਤੇ ਵਿਕਾਸ ਲਈ ਬਹੁਤਾ ਸੁਖਾਵਾਂ ਨਹੀਂ ਹੈ। ਕੀ ਦੁਨੀਆ, ਘੱਟੋ-ਘੱਟ ਪੱਛਮੀ ਜਗਤ ਦੀ ਭਾਰਤ ਦੇ ਉਭਾਰ 'ਚ ਓਨੀ ਦਿਲਚਸ

ਐਸ.ਬੀ.ਐਸ ਪਬਲਿਕ ਸਕੂਲ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਦਿਹਾੜਾ ਮਨਾਇਆ

ਆਜ਼ਾਦ ਸੋਚ, ਜਗਸੀਰ ਸਿੰਘ ਸੰਧੂ, ਬਰਨਾਲਾ, 21 ਅਕਤੂਬਰ : ਸਿੱਖ ਧਰਮ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਦਿਹਾੜਾ ਦੁਨੀਆਂ ਭਰ ਵਿੱਚ ਸੰਗਤਾਂ ਵੱਲੋਂ ਪੂਰੀ ਸ਼ਰਧਾਂ ਅਤੇ ਭਾਵਨਾ ਨਾਲ ਮਨਾਇਆ ਜਾਂਦਾ ਹੈ। ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਦਿਹਾੜਾ ਸਵੇਰ ਦੀ ਸਭਾ ਦੌਰਾਨ ਪੂਰਨ ਸ਼ਰਧਾਂ-ਭਾਵਨਾ ਨਾਲ ਮਨਾਇਆ ਗਿਆ, ਜਿਸ ਦੀ ਸ਼ੁਰੂਆਤ ਬੱਚਿਆਂ ਨੇ ਸ਼ਬਦ ਗਾਇਨ ਨਾਲ ਕੀਤੀ। ਅਧਿਆਪਕ ਬਲਜਿੰਦਰ ਕੌਰ ਨੇ ਬੱਚਿਆਂ ਨੂੰ ਗੁਰੂ ਜੀ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਦੱਸਿਆ। ਉਨ੍ਹਾਂ ਕਿਹਾ ਕਿ ਗੁਰੂ ਜੀ ਦੇ ਜੀਵਨ ਵਿੱਚ ਅਤਿ ਦੀ ਗਰੀਬੀ ਅਤੇ ਮੁਸਕਲਾਂ ਭਰਿਆ ਸੀ ਪਰ ਆਪ ਜੀ ਘਬਰਾਏ ਨਹੀ ਸਗੋਂ ਮਿਹਨਤ ਅਤੇ ਪ੍ਰਮਾਤਮਾ ਤੇ ਵਿਸ਼ਵਾਸ ਕਾਇਮ ਰੱਖਿਆ

ਬਰਨਾਲਾ ਜ਼ਿਮਨੀ ਚੋਣ : ਬਿਨਾਂ ਸਬੂਤਾਂ ਦੇ 50,000 ਰੁਪਏ ਤੋਂ ਵੱਧ ਨਗਦੀ ਲਿਜਾਣ ਦੀ ਨਹੀਂ ਇਜਾਜ਼ਤ

ਆਜ਼ਾਦ ਸੋਚ, ਜਗਸੀਰ ਸਿੰਘ ਸੰਧੂ, ਬਰਨਾਲਾ, 21 ਅਕਤੂਬਰ :

ਚੋਣ ਕਮਿਸ਼ਨ ਦੇ ਹੁਕਮਾਂ ਅਨੁਸਾਰ ਬਰਨਾਲਾ ਵਿਧਾਨ ਸਭਾ ਹਲਕੇ ਵਿੱਚ ਜ਼ਿਮਨੀ ਚੋਣ ਦੇ ਮੱਦੇਨਜ਼ਰ ਬਿਨਾਂ ਸਬੂਤਾਂ ਦੇ 50,000 ਰੁਪਏ ਤੋਂ ਵੱਧ ਦੀ ਨਗਦੀ ਲੈ ਕੇ ਜਾਣ ਦੀ ਮਨਾਹੀ ਹੈ। ਇਹ ਪ੍ਰਗਟਾਵਾ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਲਤੀਫ਼ ਅਹਿਮਦ ਨੇ ਜ਼ਿਲ੍ਹੇ ਅੰਦਰ ਲਾਗੂ ਚੋਣ ਜ਼ਾਬਤੇ ਦੇ ਮੱਦੇਨਜ਼ਰ ਬੈਂਕਾਂ ਦੇ ਨੁਮਾਇੰਦਿਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ 50000 ਰੁਪਏ ਤੋਂ ਵੱਧ ਦੀ ਕਿਸੇ ਵੀ ਤਰ੍ਹਾਂ ਦੀ ਨਕਦੀ ਨਾਲ ਲਿਜਾਣ ਦੇ ਦਸਤਾਵੇਜ਼ ਹੋਣੇ ਚਾਹੀਦੇ ਹਨ। ਇਹ ਉਨ੍ਹਾਂ ਲੋਕਾਂ 'ਤੇ ਵੀ ਲਾਗੂ ਹੁੰਦਾ ਹੈ ਜੋ ਦੂਜੇ ਜ਼ਿਲ੍ਹਿਆਂ ਨੂੰ ਜਾਂਦੇ ਸਮੇਂ ਜ਼ਿਲ੍ਹਾ ਬਰਨਾਲਾ ਵਿਚੋਂ ਲੰਘਦੇ ਹਨ। ਉਨ੍ਹਾਂ ਕਿਹਾ ਕਿ ਤਿਉਹਾਰਾਂ, ਵਿਆਹਾਂ ਅਤੇ ਵਾਢੀ ਦੇ ਸੀਜ਼ਨ ਕਾਰਨ ਲੋਕ ਆਮ ਤੌਰ 'ਤੇ ਵੱਧ ਨਕਦੀ ਲੈ ਕੇ ਜਾਂਦੇ ਹਨ। ਅਜਿਹੇ ਮਾਮਲਿਆਂ ਵਿੱਚ ਕਿਸੇ ਕਿਸਮ ਦੀ ਪਰੇਸ਼ਾਨੀ ਤੋਂ ਬਚਣ ਲਈ ਲੋੜੀਂਦੇ ਦਸਤਾਵੇਜ਼ਾਂ ਨੂੰ ਨਾਲ ਰੱਖਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਚੋਣ ਅਫ਼ਸਰ ਸ੍ਰੀਮਤੀ ਪੂਨਮਦੀਪ ਕੌਰ ਦੀਆਂ ਹਦਾਇਤਾਂ ਅਨੁਸਾਰ ਚੈਕਿੰਗ ਕਰਕੇ ਆਮ ਲੋਕਾਂ ਨੂੰ ਪ੍ਰੇਸ਼ਾਨ ਕਰਨ ਦੀ ਕੋਈ ਮਨਸ਼ਾ ਨਹੀਂ ਹੈ। ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਚੈਕਿੰਗ ਅਤੇ ਰਕਮ ਦੀ ਸੀਲਿੰਗ ਕਾਰਨ ਆਮ ਆਦਮੀ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਉਨ੍ਹਾਂ ਹਦਾਇਤ ਕੀਤੀ ਕਿ ਅਧਿਕਾਰੀ ਲੋਕਾਂ ਨੂੰ ਉਪਰੋਕਤ ਨਕਦੀ ਲਈ ਸਹਾਇਕ ਦਸਤਾਵੇਜ਼ਾਂ ਵਜੋਂ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਬਾਰੇ ਮਾਰਗਦਰਸ਼ਨ ਕਰਨ। ਇਸ ਦੌਰਾਨ ਉਨ੍ਹਾਂ ਬੈਂਕਰਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਕਿਸੇ ਵੀ ਤਰ੍ਹਾਂ ਦੇ ਸ਼ੱਕੀ ਬੈਂਕ ਲੈਣ-ਦੇਣ ਦੀ ਸੂਚਨਾ ਜ਼ਿਲ੍ਹਾ ਚੋਣ ਅਫ਼ਸਰ ਨੂੰ ਦਿੱਤੀ ਜਾਵੇ।

ਪ੍ਰਿੰਟਿੰਗ ਪ੍ਰੈਸ ਦੇ ਮਾਲਕਾਂ ਅਤੇ ਪ੍ਰਕਾਸ਼ਕਾਂ ਨਾਲ ਕੀਤੀ ਮੀਟਿੰਗ ਦੌਰਾਨ ਉਨ੍ਹਾਂ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਕਿ ਕੋਈ ਵੀ ਸਮੱਗਰੀ ਪ੍ਰਕਾਸ਼ਕ ਅਤੇ ਪ੍ਰਕਾਸ਼ਿਤ ਕਰਨ ਵਾਲੇ ਵਿਅਕਤੀ ਦੇ ਨਾਂ ਦੇ ਵੇਰਵੇ ਤੋਂ ਬਿਨਾਂ ਪ੍ਰਕਾਸ਼ਿਤ ਨਾ ਕੀਤੀ ਜਾਵੇ। ਇਸ ਮੌਕੇ ਜ਼ਿਲ੍ਹਾ ਮਾਲ ਅਫ਼ਸਰ ਗੁਰਜਿੰਦਰ ਸਿੰਘ ਵੀ ਹਾਜ਼ਰ ਸਨ।

ਉੱਤਰ ਰੇਲਵੇ

ਖੁਲ੍ਹੀ ਈ-ਨਿਵਿਦਾ

ਸੀਨੀਅਰ ਮੰਡਲ ਇੰਜੀਨੀਅਰ-ਤਾਲਮੇਲ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ ਨਿਵਿਦਾ ਦੇ ਮਾਧਿਅਮ ਨਾਲ ਇਛੁਕ ਠੇਕੇਦਾਰਾਂ ਤੋਂ ਹੇਠਾਂ ਲਿਖਤ ਕੰਮਾਂ ਲਈ ਖੁਲ੍ਹੀਆਂ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕਿ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ 15.00 ਵਜੇ ਖੁਲ੍ਹੇ ਰਹਿਣਗੇ ਅਤੇ ਉਸ ਦੇ ਬਾਅਦ ਖੋਹਲੇ ਜਾਣਗੇ।

ਲ. ਨੰ.	ਕੰਮ ਦਾ ਨਾਮ	ਅੰਦਾਜਨ ਲਾਗਤ (₹)	ਅਗਾਊਂ ਰਾਸ਼ੀ (₹)	ਕੰਮ ਸਮਾਪਤੀ ਦਾ ਸਮਾਂ	ਨਿਵਿਦਾ ਖੁਲਣ ਦੀ ਮਿਤੀ
1.	ਸਹਾਇਕ ਮੰਡਲ ਇੰਜੀਨੀਅਰ/ਸ਼ਿਮਲਾ ਦੇ ਸੈਕਸ਼ਨ ਵਿਚ ਪੁਲ ਪੁਨਰਵਾਸ ਨਾਲ ਸਬੰਧਿਤ ਕੰਮ।	₹49,90,422/-	₹99,800/-	45 ਦਿਨ	14.11.2024
2.	ਏਡੀਈਐਨ/ਸੀਡੀਜੀ ਦੇ ਤਹਿਤ ਐਸਐਸਈ/ਡਬਲਯੂ/1/ਸੀਡੀਜੀ ਦੇ ਅਨੁਭਾਗ ਵਿਚ ਸੀਡੀਜੀ ਵਿਚ ਪੰਪ ਨੰਬਰ 5 ਅਤੇ 6 ਦੇ ਸਥਾਨ ਤੇ ਗਹਿਰੇ ਟਯੂਬਵੈਲ ਪ੍ਰਦਾਨ ਕਰਕੇ ਪਾਣੀ ਸਪਲਾਈ ਵਿਚ ਸੁਧਾਰ ਅਤੇ ਜੰਗਾਲ ਲਗੇ ਐਮਐਸ ਟੈਂਕ ਨੰਬਰ 4 ਦੇ ਬਦਲੇ ਵਿਚ ਓਐਚ ਭੰਡਾਰਨ ਟੈਂਕ ਅਤੇ ਟੂਟੇ ਪਾਈਪ ਲਾਈਨ ਨੂੰ ਬਦਲਣਾ ਅਤੇ ਨਵੇਂ ਬੋਰ ਹੋਲ ਨੂੰ ਨਵੇਂ ਆਰਸੀਸੀ ਓਐਚ ਟੈਂਕ ਅਤੇ ਪੁਰਾਣੇ ਆਰਸੀਸੀ ਓਐਚ ਟੈਂਕ ਦੇ ਨਾਲ ਜੋੜਨਾ।	₹2,09,60,665/-	₹2,54,800/-	08 ਮਹੀਨੇ	14.11.2024
3.	ਏਡੀਈਐਨ/ਐਸਐਮਐਲ ਅਨੁਭਾਗ ਵਿਚ ਸਾਈਟ ਇੰਜੀਨੀਅਰ ਦੇ ਨਿਰਦੇਸ਼ ਅਨੁਸਾਰ ਸਾਰੀਆਂ ਲੇਬਰ ਆਈਟਮਸ ਟੀਐਂਡਪੀ ਕਰਾਂ, ਚੁੰਗੀ, ਜੀਐਸਟੀ ਆਦਿ ਦੇ ਨਾਲ ਟ੍ਰੈਕ ਦੀ ਆਵਧਿਕ ਓਵਰਹਾਲਿੰਗ ਅਤੇ ਆਈਆਰਪੀਡਬਲਯੂਐਮ ਦੇ ਅਨੁਸਾਰ ਗ੍ਰੇਫਾਈਟ ਪਾਊਡਰ ਦੇ ਨਾਲ ਟ੍ਰੈਕ ਦੇ ਫਿਸ਼ ਪਲੇਟੇਡ ਜੋੜ ਨੂੰ ਚਿਕਨਾਈ ਦੇਣਾ।	₹89,10,885/-	₹1,78,200/-	12 ਮਹੀਨੇ	14.11.2024
4.	ਏਡੀਈਐਨ/ਐਸਆਰਈ ਦੇ ਤਹਿਤ ਰੇਲਵੇ ਸਟੇਸ਼ਨ ਸਹਾਰਨਪੁਰ ਲਈ 0.2 ਐਮਐਲਡੀ ਸਮਰਥਾ ਦੇ ਐਸਟੀਪੀ (ਸੀਵੇਜ ਟ੍ਰੀਟਮੈਂਟ ਪਲਾਂਟ) ਦਾ ਪ੍ਰਾਵਧਾਨ।	₹2,08,48,251/-	₹2,54,300/-	09 ਮਹੀਨੇ	14.11.2024
5.	ਸੀਨੀਅਰ ਡੀਈਐਨ-II/ ਯੂਐਮਬੀ ਦੇ ਤਹਿਤ ਏਡੀਈਐਨ/ਪੀਟੀਏ ਦੇ ਅਨੁਭਾਗ ਵਿਚ ਮੌਜੂਦਾ 52 Kg 90 UTs ਰੇਲ LWR ਦੇ 1.470 TKm ਦੇ CTR(S) ਅਤੇ 12.234 TKM ਦੇ TRR (S), ST/Woden/CST-9 ਸਲੀਪਰਾਂ ਤੇ ਐਮ+7 ਘਣਤਵ ਦੇ ਨਾਲ 52Kg/60Kg ਰੇਲ ਦੇ ਨਾਲ PSC ਸਲੀਪਰ ਤੇ ਇਲਾਸਟਿਕ ਦੇ ਨਾਲ ਵਿਛਾਇਆ ਗਿਆ ਅਤੇ ਮੌਜੂਦਾ ਮਾਨਕ ਤੋਂ ਗਹਿਰੀ ਸਕ੍ਰੀਨਿੰਗ ਅਤੇ ਗਿਟੀ ਦੀ ਭਰਪਾਈ ਦੇ ਨਾਲ ਗਿਟੀ ਕੁਸ਼ਨ ਨੂੰ ਵਧਾਉਣ ਸਮੇਤ ਫਾਸਟਨਿੰਗ ਦਾ ਬਾਕੀ ਕੰਮ।	₹92,71,445/-	₹1,85,400/-	05 ਮਹੀਨੇ	14.11.2024

ਨੋਟ:- 1. ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜਰੂਰੀ ਸਬੰਧਤ ਡਾਕੂਮੈਂਟਾਂ ਦੀ ਸਕੈਨਿੰਗ ਕਾਪੀ ਨੂੰ ਰੇਲਵੇ ਵੈਬਸਾਈਟ IREPS ਤੇ ਅਪਲੋਡ ਕਰਨੀ ਜਰੂਰੀ ਹੈ। 2. ਅਗਾਊਂ ਰਾਸ਼ੀ ਆਨ ਲਾਈਨ ਪੇਮੋਂਟ ਨੈਟ ਬੈਂਕਿੰਗ/ਗੇਟਵੇ ਪੇਮੋਂਟ ਦੇ ਦੁਆਰਾ ਹੀ ਸਵੀਕਾਰ ਹੋਣਗੇ। 3.ਟੈਂਡਰ ਦੀ ਵਿਸਤ੍ਰਿਤ ਜਾਣਕਾਰੀ ਲਈ ਰੇਲਵੇ ਵੈਬਸਾਈਟ www.ireps.gov.in ਤੇ ਲਾਗ ਆਨ ਕਰੋ। 4.ਠੇਕੇਦਾਰ ਨੂੰ ਈ-ਟੈਂਡਰ ਵਿਚ ਭਾਗੀਦਾਰੀ ਲਈ (ਕਲਾਸ-III) ਡਿਜੀਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। 5. ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗਾ।

ਖੁਲ੍ਹੀ ਨਿਵਿਦਾ ਨੰਬਰ-39-ਅੰਬਾਲਾ/2024-25 ਮਿਤੀ 21.10.2024 3266/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਸੰਕੇਤਿਕ ਕਬਜ਼ਾ ਨੋਟਿਸ

ICICI Bank | ਬ੍ਰਾਂਚ ਆਫਿਸ : ਆਈਸੀਆਈਸੀਆਈ ਬੈਂਕ ਲਿਮ. ਪਲਾਟ ਨੰ.-23, ਸ਼ਾਲ ਟਾਵਰ, ਤੀਜੀ ਮੰਜਿਲ, ਨਿਊ ਰੋਹਤਕ ਰੋਡ, ਕਰੋਲ ਬਾਗ, ਨਵੀਂ ਦਿੱਲੀ-110005

ਜਿਵੇਂ ਕਿ

ਆਈਸੀਆਈਸੀਆਈ ਬੈਂਕ ਲਿਮ: ਦੇ ਨਿਮਨਹਸਤਾਖਰੀ ਅਧਿਕਾਰਤ ਅਫ਼ਸਰ ਨੇ ਸਕਿਉਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਅਸੈਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰਸਟ ਐਕਟ 2002 ਅਤੇ ਸਕਿਉਰਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਬਕਾਇਆ ਰਕਮ ਅਦਾ ਕਰਨ ਵਿੱਚ ਅਸਫ਼ਲ ਰਹੇ, ਇਸ ਲਈ ਇਸ ਨੋਟਿਸ ਰਾਹੀਂ ਕਰਜ਼ਦਾਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਉਪਰੋਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਮਿਤੀਆਂ ਨੂੰ ਜਾਇਦਾਦ ਦਾ ਸੰਕੇਤਿਕ ਕਬਜ਼ਾ ਲੈ ਲਿਆ ਹੈ। ਕਰਜ਼ਦਾਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕੀਤਾ ਜਾਵੇ। ਇਸ ਦਾ ਅਧਿਕਾਰ ਹੇਠ ਹਰਕੇ ਖ਼ਾਤੇ ਸਾਹਮਣੇ ਦਰਸਾਈ ਰਕਮ ਅਤੇ ਇਸ ਦੇ ਵਿਆਜ਼ ਦੀ ਵਸੂਲੀ ਲਈ ਆਈਸੀਆਈਸੀਆਈ ਬੈਂਕ ਲਿਮ: ਕੋਲ ਹੈ।

ਲੜੀ ਨੰ.	ਕਰਜ਼ਦਾਰ ਦਾ ਨਾਮ/ ਲੋਨ ਖ਼ਾਤਾ ਨੰਬਰ	ਪ੍ਰਾਪਰਟੀ ਦਾ ਵੇਰਵਾ/ ਸੰਕੇਤਿਕ ਕਬਜ਼ੇ ਦੀ ਮਿਤੀ	ਡਿਮਾਂਡ ਨੋਟਿਸ ਦੀ ਮਿਤੀ /ਡਿਮਾਂਡ ਨੋਟਿਸ ਦੀ ਰਕਮ (ਰੁ.)	ਸ਼ਾਖਾ ਦਾ ਨਾਂ
1	ਮਨਿੰਦਰ ਕੁਮਾਰ/ ਕੰਚਨ/ LBZMO00005455689	ਅਪਾਰਟਮੈਂਟ ਨੰ.247/6, ਛੇਵੀਂ ਮੰਜਿਲ, ਟਾਵਰ ਨੰ.15, ਐਸ.ਬੀ.ਪੀ. ਹੌਜ਼, ਭੂਮੀ ਦਾ ਮਾਪ 1/4 ਮਰਲਾ 1/2096 26 ਕਨਾਲਾਂ 4 ਮਰਲੇ, ਖੇਵਟ ਖਤੌਨੀ ਨੰ. 95/117, ਖਸਰਾ ਨੰ.22//3 (8-0), 4(8-0), 7(8-0),14/2(2-4), ਜਮਾਂਬੰਦੀ ਸਾਲ 2017-18, ਸਥਿਤ ਪਿੰਡ ਛੱਜੂਮਾਜਰਾ, ਨਾਲ ਮਿਉਂਉਨਸੀਪਲ ਲਿਮਟਸ ਖਰੜ, ਹਦਬਸਤ ਨੰ.33, ਤਹਿਸੀਲ ਖਰੜ, ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ, ਮੋਹਾਲੀ, ਪੰਜਾਬ-160055/ ਅਕਤੂਬਰ 19, 2024	09 ਮਈ 2024 ਰੁ. 12,05,792/-	ਮੋਹਾਲੀ/ ਦਿੱਲੀ

ਉਪਰੋਕਤ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਨੋਟਿਸ ਰਾਹੀਂ 30 ਦਿਨਾਂ ਦੇ ਅੰਦਰ ਅੰਦਰ ਬਣਦੀ ਰਕਮ ਜਮ੍ਹਾਂ ਕਰਵਾਉਣ ਲਈ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਮਾਰਟਗੇਜ ਪ੍ਰਾਪਰਟੀ ਇਸ ਨੋਟਿਸ, ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਦੀਆਂ ਪ੍ਰੋਵਿਜ਼ਨਾਂ ਅਨੁਸਾਰ ਛਪਣ ਦੇ 30 ਦਿਨਾਂ ਬਾਅਦ ਵੇਚ ਦਿੱਤਾ ਜਾਵੇਗਾ।

ਮਿਤੀ : 22 ਅਕਤੂਬਰ, 2024 ਸੰਸੀਅਰਲੀ ਅਧਿਕਾਰਤ ਹਸਤਾਖਰੀ
ਸਥਾਨ : ਮੋਹਾਲੀ ਵਾਸਤੇ ਆਈਸੀਆਈਸੀਆਈ ਬੈਂਕ ਲਿਮ.

ਸੰਕੇਤਿਕ ਕਬਜ਼ਾ ਨੋਟਿਸ

ICICI Bank | ਬ੍ਰਾਂਚ ਆਫਿਸ : ਆਈਸੀਆਈਸੀਆਈ ਬੈਂਕ ਲਿਮ. ਪਲਾਟ ਨੰ.-23, ਸ਼ਾਲ ਟਾਵਰ, ਤੀਜੀ ਮੰਜਿਲ, ਨਿਊ ਰੋਹਤਕ ਰੋਡ, ਕਰੋਲ ਬਾਗ, ਨਵੀਂ ਦਿੱਲੀ-110005

ਜਿਵੇਂ ਕਿ

ਆਈਸੀਆਈਸੀਆਈ ਬੈਂਕ ਲਿਮ: ਦੇ ਨਿਮਨਹਸਤਾਖਰੀ ਅਧਿਕਾਰਤ ਅਫ਼ਸਰ ਨੇ ਸਕਿਉਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਅਸੈਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰਸਟ ਐਕਟ 2002 ਅਤੇ ਸਕਿਉਰਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਬਕਾਇਆ ਰਕਮ ਅਦਾ ਕਰਨ ਵਿੱਚ ਅਸਫ਼ਲ ਰਹੇ, ਇਸ ਲਈ ਇਸ ਨੋਟਿਸ ਰਾਹੀਂ ਕਰਜ਼ਦਾਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਉਪਰੋਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਮਿਤੀਆਂ ਨੂੰ ਜਾਇਦਾਦ ਦਾ ਸੰਕੇਤਿਕ ਕਬਜ਼ਾ ਲੈ ਲਿਆ ਹੈ। ਕਰਜ਼ਦਾਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕੀਤਾ ਜਾਵੇ। ਇਸ ਦਾ ਅਧਿਕਾਰ ਹੇਠ ਹਰਕੇ ਖ਼ਾਤੇ ਸਾਹਮਣੇ ਦਰਸਾਈ ਰਕਮ ਅਤੇ ਇਸ ਦੇ ਵਿਆਜ਼ ਦੀ ਵਸੂਲੀ ਲਈ ਆਈਸੀਆਈਸੀਆਈ ਬੈਂਕ ਲਿਮ: ਕੋਲ ਹੈ।

ਲੜੀ ਨੰ.	ਕਰਜ਼ਦਾਰ ਦਾ ਨਾਮ/ ਲੋਨ ਖ਼ਾਤਾ ਨੰਬਰ	ਪ੍ਰਾਪਰਟੀ ਦਾ ਵੇਰਵਾ/ ਸੰਕੇਤਿਕ ਕਬਜ਼ੇ ਦੀ ਮਿਤੀ	ਡਿਮਾਂਡ ਨੋਟਿਸ ਦੀ ਮਿਤੀ /ਡਿਮਾਂਡ ਨੋਟਿਸ ਦੀ ਰਕਮ (ਰੁ.)	ਸ਼ਾਖਾ ਦਾ ਨਾਂ
1	ਗੁਰਮੀਤ ਸਿੰਘ ਗਾਂਧੀ/ ਲਵਪ੍ਰੀਤ ਕੌਰ/ LBLUD00005553556	ਦੁਕਾਨ ਦਾ ਮਾਪ 27.77 ਵਰਗ ਗਜ, ਖਸਰਾ ਨੰ.271, ਖੇਵਟ ਨੰ.94, ਖਤੌਨੀ ਨੰ. 133, ਪੋਜ਼ ਨੰ.330, ਜਮਾਂਬੰਦੀ ਸਾਲ 2008-2009, ਸਥਿਤ ਪਿੰਡ ਦਾਬਾ, ਹਦਬਸਤ ਨੰ.262, ਅਬਾਦੀ ਦੀ ਜਾਣਕਾਰੀ ਅਨੁਸਾਰ ਮਹਾ ਸਿੰਘ ਨਗਰ, ਤਹਿਸੀਲ ਅਤੇ ਜਿਲ੍ਹਾ ਲੁਧਿਆਣਾ, ਪੰਜਾਬ-141001/ ਅਕਤੂਬਰ 18, 2024	09 ਮਈ 2024 ਰੁ. 3,95,290/-	ਲੁਧਿਆਣਾ
2	ਸੁਰਜੀਤ ਸਿੰਘ/ ਜਸਵਿੰਦਰ ਕੌਰ/ LBLUD00005960482/ LBLUD00006245961	ਮਕਾਨ ਕਮ ਪਲਾਟ ਨੰ.1183, ਖਸਰਾ ਨੰ.12//6, 7/1, 13/3, 4, 5/ 2, 6, 7, 8, 9, 10, ਖਾਤਾ ਨੰ.468/773, ਜਮਾਂਬੰਦੀ ਸਾਲ 2006-2007, ਪਿੰਡ ਕੁਲੀਏਵਾਲ, ਹਦਬਸਤ ਨੰ. 178, ਅਬਾਦੀ ਪ੍ਰੇਮ ਵਿਹਾਰ, ਤਹਿਸੀਲ ਅਤੇ ਜਿਲ੍ਹਾ ਲੁਧਿਆਣਾ, ਪੰਜਾਬ/ ਅਕਤੂਬਰ 18, 2024	23 ਨਵੰਬਰ 2023 ਰੁ. 8,15,562/-	ਲੁਧਿਆਣਾ

ਉਪਰੋਕਤ ਕਰਜ਼ਦਾਰਾਂ/ਗਰੰਟਰਾਂ ਨੂੰ ਇਸ

ਨਵੇਂ ਚੁਣੇ ਗਏ ਸਰਪੰਚ ਤੇ ਮੈਂਬਰ ਨੂੰ ਸਾਦਿਕ ਵਾਸੀਆਂ ਨੇ ਕੀਤਾ ਵਿਸ਼ੇਸ਼ ਸਨਮਾਨ

ਆਜ਼ਾਦ ਸੋਚ,
ਗੁਲਜ਼ਾਰ ਮਦੀਨਾ,
ਸਾਦਿਕ, 21 ਅਕਤੂਬਰ:

ਪਿਛਲੇ ਦਿਨੀਂ ਨਵੇਂ ਚੁਣੇ ਗਏ ਸਰਪੰਚ ਦੀਸ਼ਾ ਸਿੰਘ ਅਤੇ ਮੈਂਬਰ ਉਮ ਪ੍ਰਕਾਸ਼ ਗੋਰਾ ਦੇ ਜਿੱਤ ਜਾਣ ਦੀ ਖੁਸ਼ੀ 'ਚ ਗੁਰੂ ਨਾਨਕ ਕ੍ਰਿਕਟ ਕਮੇਟੀ ਦੇ ਪ੍ਰਧਾਨ ਤੇ ਸਮਾਜ ਸੇਵੀ ਸਾਬ ਸਾਦਿਕ ਅਤੇ ਰਾਮਗੜ੍ਹੀਆ ਸਭਾ ਦੇ ਪ੍ਰਧਾਨ ਗੁਰਚੰਦ ਸਿੰਘ ਮੁਮਾਰਾ ਵੱਲੋਂ ਵਧਾਈ ਦਿੱਤੀ ਅਤੇ ਵਿਸ਼ੇਸ਼ ਤੌਰ ਤੇ ਫੁੱਲਾਂ ਦੇ ਹਾਰ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੱਲਬਾਤ ਦੌਰਾਨ ਨੌਜਵਾਨ ਸਾਬ ਸਾਦਿਕ ਨੇ ਕਿਹਾ ਕਿ ਇਹ ਜਿੱਤ ਇਕੱਲੀ ਪੰਚਾਇਤ ਦੀ ਨਹੀਂ ਸਗੋਂ ਪਿੰਡ ਦੇ ਇੱਕ-ਇੱਕ ਵੋਟਰ ਦੀ ਜਿੱਤ ਹੈ, ਉਨ੍ਹਾਂ ਕਿਹਾ ਕਿ ਉਹ ਪੰਚਾਇਤਾਂ ਤੋਂ ਉਮੀਦ ਕਰਦੇ ਹਨ ਕਿ ਪਿੰਡ ਦੇ ਕੰਮ ਸਿਆਸਤ ਤੋਂ ਉੱਪਰ ਉੱਠ ਕੇ ਕੀਤੇ ਜਾਣਗੇ ਤਾਂ ਜੋ ਪਿੰਡ ਦਾ ਸਰਵਪੱਖੀ ਵਿਕਾਸ ਹੋ ਸਕੇ, ਉਨ੍ਹਾਂ ਪੰਚਾਇਤ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਵੀ ਜ਼ਿਕਰ ਕੀਤਾ। ਉਹਨਾਂ ਕੁਝ ਪਿੰਡ ਦੇ ਅਹਿਮ ਮੁੱਦੇ ਵੀ ਸਰਪੰਚ ਸਾਹਿਬਾਨ ਦੇ ਧਿਆਨ ਵਿੱਚ ਲਿਆਂਦੇ ਅਤੇ ਪੰਚਾਇਤ ਨੇ ਕਿਹਾ ਕਿ ਬਹੁਤ ਜਲਦ ਇਹਨਾਂ ਮੁਦਿਆਂ ਦਾ ਹੱਲ ਕੀਤਾ ਜਾਵੇਗਾ। ਸਰਪੰਚ ਦੀਸ਼ਾ ਸਿੰਘ ਅਤੇ ਮੈਂਬਰ ਉਮ ਪ੍ਰਕਾਸ਼ ਗੋਰਾ ਨੇ ਸਮੂਹ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਦੇ ਵੋਟਰਾਂ ਨੇ ਉਹਨਾਂ ਉੱਪਰ ਜੋ ਵਿਸ਼ਵਾਸ ਜਿਤਾਇਆ ਹੈ ਉਹ ਉਸਨੂੰ ਕਦੇ ਵੀ ਟੁੱਟਣ ਨਹੀਂ ਦੇਣਗੇ, ਉਨ੍ਹਾਂ ਵਿਸ਼ਵਾਸ ਦੁਆਇਆ ਕਿ ਉਹ ਪੰਚਾਇਤ ਦੇ ਇੱਕ-ਇੱਕ ਮੈਂਬਰ ਨੂੰ ਨਾਲ ਲੈ ਕੇ ਕੰਮ ਕਰਨਗੇ ਅਤੇ ਪਿੰਡ ਵਾਸੀਆਂ ਨੂੰ ਕਿਸੇ ਵੀ ਸ਼ਿਕਾਇਤ ਦਾ ਮੌਕਾ ਨਹੀਂ ਦੇਣਗੇ। ਇਸ ਮੌਕੇ ਪੰਜਾਬ ਪ੍ਰਧਾਨ ਕਰਮਚੰਦ ਪੱਪੀ, ਵਾਇਸ ਪ੍ਰਧਾਨ ਬਿੱਟੂ ਕਲਸੀ, ਬਲਜੀਤ ਚਹਿਲ, ਸ਼ਮਸ਼ੇਰ ਗਿੱਲ ਸ਼ੇਰੀ, ਸੋਬਤ ਸਿੰਘ, ਜੱਸਾ ਸੰਗਤਪੁਰਾ, ਗੋਲਡੀ ਗੱਬੀ, ਬੱਗੀ ਸਿੰਘ, ਜੱਗਾ ਸਿੰਘ ਬੰਟੂ ਸਿੰਘ, ਹਰਬੰਸ ਸਿੰਘ ਹੰਸੀ, ਬਿੰਦਾ ਸਿੰਘ ਸੰਗਤਪੁਰਾ ਅਤੇ ਸੁਖਦੀਪ ਸਿੰਘ ਆਦਿ ਹਾਜ਼ਰ ਸਨ।

ਮਜ਼ਦੂਰਾਂ ਨੇ ਦਿੱਤਾ ਅਨਾਜ ਮੰਡੀ ਟਾਂਡਾ 'ਚ ਰੋਸ ਧਰਨਾ

ਆਜ਼ਾਦ ਸੋਚ,
ਤੇਜਿੰਦਰ ਸਿੰਘ,
ਟਾਂਡਾ
ਉੜਮੁੜ,21 ਅਕਤੂਬਰ:

ਕਿਸਾਨਾਂ ਆੜਤੀਆਂ ਤੇ ਸ਼ੈਲਰ ਮਾਲਕਾਂ ਤੋਂ ਬਾਅਦ ਹੁਣ ਮਜ਼ਦੂਰਾਂ ਨੇ ਵੀ ਸਰਕਾਰ ਖਿਲਾਫ ਮੋਰਚਾ ਖੋਲਦੇ ਹੋਏ ਅਨਾਜ ਮੰਡੀ ਟਾਂਡਾ ਵਿਚ ਰੋਸ ਧਰਨਾ ਦਿੱਤਾ ਹੈ ? ਇਸ ਦੌਰਾਨ ਲਖਵਿੰਦਰ ਕੁਮਾਰ, ਕੈਲਾਸ਼ ,ਮਹਿਤੋ, ਮੁਕੇਸ਼, ਦਿਲਖੁਸ਼, ਅਖਿਲੇਸ਼ ਮਹਿਤੋ,ਰਘੁਵੰਸ਼ ਕੁਮਾਰ ਆਦਿ ਨੇ ਰੋਸ ਜਤਾਉਂਦੇ ਹੋਏ ਆਖਿਆ ਕਿ ਆੜਤੀਆਂ ਤੇ ਸ਼ੈਲਰ ਮਾਲਕਾਂ ਦੀਆਂ ਮੰਗਾਂ ਪੂਰੀਆਂ ਨਾ ਹੋਣ ਤੇ ਝੋਨੇ ਦੀ ਖਰੀਦ ਸੁਚਾਰੂ ਢੰਗ ਨਾਲ ਨਹੀਂ ਹੋ ਰਹੀ ਅਤੇ ਨਾ ਹੀ ਲਿਫਟਿੰਗ ਹੋ ਰਹੀ ਹੈ ? ਇਨ੍ਹਾਂ ਹਲਾਤਾਂ ਵਿਚ ਇਕੱਲੀ ਟਾਂਡਾ ਮੰਡੀ ਵਿਚ 1500 ਦੇ ਕਰੀਬ ਮਜ਼ਦੂਰ ਬੇਕਾਰ ਹੋ ਗਏ ਹਨ ? ਉਨ੍ਹਾਂ ਕੋਲ ਰੋਜ਼ਗਾਰ ਨਾ ਹੋਣ ਕਾਰਨ ਉਨ੍ਹਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ? ਉਨ੍ਹਾਂ ਮੰਗ ਕੀਤੀ ਕਿ ਸਰਕਾਰ ਸਾਰੇ ਮਸਲਿਆਂ ਦਾ ਹੱਲ ਕਰਕੇ ਖਰੀਦ ਸਹੀ ਤਰੀਕੇ ਨਾਲ ਚਲਾਏ ਤਾਂ ਜੋ ਉਨ੍ਹਾਂ ਨੂੰ ਰੋਜ਼ਗਾਰ ਮਿਲ ਸਕੇ ? ਇਸ ਮੌਕੇ ਵੱਡੀ ਗਿਣਤੀ ਵਿਚ ਮਜ਼ਦੂਰ ਧਰਨੇ ਵਿਚ ਸ਼ਾਮਲ ਹੋਏ।

ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਦੇ ਖੇਡ ਮੈਦਾਨ ਵਿਚ ਸਲਾਨਾ ਖੇਡਾਂ ਦੀ ਸ਼ੁਰੂਆਤ

ਆਜ਼ਾਦ ਸੋਚ,
ਨਿਰਮਲ ਸਿੰਘ,
ਚੋਹਲਾ ਸਾਹਿਬ , 21 ਅਕਤੂਬਰ:

ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਵਿਖੇ ਅੱਜ ਸਲਾਨਾ ਖੇਡਾਂ ਦੀ ਸ਼ੁਰੂਆਤ ਸਮੇਂ ਬੱਚਿਆਂ ਵਲੋਂ ਮਾਰਚ ਪਾਸਟ ਕਰਨ ਉਪਰੰਤ ਰੰਗ ਬਿਰੰਗੇ ਗੁਬਾਰੇ ਨੂੰ ਅਸਮਾਨ ਵਿੱਚ ਛੱਡ ਸ਼ੁਰੂਆਤ ਕੀਤੀ ਗਈ। ਖੇਡਾਂ ਦਾ ਉਦਘਾਟਨ ਕਰਨ ਅਤੇ ਬੱਚਿਆਂ ਨੂੰ ਖੇਡਾਂ ਲਈ ਪ੍ਰੇਰਿਤ ਕਰਨ ਲਈ ਵਿਸ਼ੇਸ਼ ਤੌਰ ਤੇ ਅੱਜ ਦੇ ਮੁੱਖ ਮਹਿਮਾਨ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ.ਗੁਲਵਿੰਦਰ ਸਿੰਘ ਸੰਧੂ ਐਜੂਕੇਸ਼ਨ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ, ਡਾ.ਹਰਕੀਰਤ ਕੌਰ ਸੰਧੂ ਨੇ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਕਿਸੇ ਵੀ ਕੰਮ ਵਿਚ ਸਫਲਤਾ ਲਈ ਸਹੀ ਨਿਸ਼ਾਨਾ ਅਤੇ ਸਖ਼ਤ ਮਿਹਨਤ ਦੀ ਜ਼ਰੂਰਤ ਹੁੰਦੀ ਹੈ ਪਹਿਲਾਂ ਟੀਚਾ ਨਿਰਧਾਰਤ ਕਰੋ ਫਿਰ ਸਖ਼ਤ ਮਿਹਨਤ ਕਰੋ ਸਫਲਤਾ ਜ਼ਰੂਰ ਮਿਲੇਗੀ। ਉਨ੍ਹਾਂ ਕਿਹਾ ਕਿ ਚੰਗੇਰੇ ਸਮਾਜ ਦੀ ਸਿਰਜਣਾ ਲਈ ਸਾਨੂੰ ਸਾਰਿਆਂ ਨੂੰ ਖੇਡਾਂ ਦੇ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਸਾਰੇ ਬੱਚਿਆਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਕਰਨੀ ਚਾਹੀਦੀ ਹੈ। ਪ੍ਰਿੰਸੀਪਲ ਸ. ਨਿਰਭੈ ਸਿੰਘ ਸੰਧੂ ਨੇ ਮੁੱਖ ਮਹਿਮਾਨਾਂ ਦਾ ਸਵਾਗਤ ਅਤੇ ਧੰਨਵਾਦ ਕਰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀ ਜੀਵਨ ਦਾ ਅਨਿੱਖੜਵਾਂ ਅੰਗ ਹਨ ਜੋਂ ਸਰੀਰਕ ਤੰਦਰੁਸਤੀ ਤੋਂ ਇਲਾਵਾ ਵਿਦਿਆਰਥੀਆਂ ਵਿਚ ਸਵੈ ਮਾਣ ਅਤੇ ਸਵੈ ਵਿਸ਼ਵਾਸ਼ ਪੈਦਾ ਕਰਦੀਆਂ ਹਨ। ਅੱਜ ਇੱਥੇ ਵਿਦਿਆਰਥੀਆਂ ਦੁਆਰਾ ਦਿਖਾਈਆਂ ਜਾ ਰਹੀ ਪ੍ਰਤਿਭਾ ਇਸ ਗੱਲ ਦਾ ਸਬੂਤ ਹੈ ਕਿ ਉਹ ਸਮਾਜ ਦੇ ਯੋਗ ਨਾਗਰਿਕ ਬਣਨ ਦੀ ਸਮਰੱਥਾ ਰੱਖਦੇ ਹਨ। ਉਨ੍ਹਾਂ ਦੱਸਿਆ ਕਿ ਲਗਾਤਾਰ 21,22, ਅਤੇ 23 ਅਕਤੂਬਰ ਨੂੰ ਤਿੰਨ ਦਿਨ ਹੋਣ ਵਾਲੀਆਂ ਖੇਡਾਂ ਵਿਚ ਅੱਜ ਪਹਿਲੇ ਦਿਨ ਦੀਆਂ ਖੇਡਾਂ ਵਿਚ ਲੜਕੇ ਲੜਕੀਆਂ ਦੀਆਂ ਫੁੱਟਬਾਲ, ਵਾਲੀਬਾਲ , ਬੈਡਮਿੰਟਨ, ਖੋ-ਖੋ ਡਿਸਕਸ ਥ੍ਰੋ,ਜੈਵਲਿਨ, ਗੋਲਾ, ਆਦਿ ਖੇਡਾਂ ਕਰਵਾਈਆਂ ਗਈਆਂ।

ਭਾਸ਼ਾ ਵਿਭਾਗ ਨੇ ਕਰਵਾਏ ਬਾਲ ਗਿਆਨ ਕੁਇਜ਼ ਮੁਕਾਬਲੇ

ਆਜ਼ਾਦ ਸੋਚ,
ਤੇਜ ਪ੍ਰਕਾਸ਼ ਖਾਸਾ,
ਨਵਾਂਸ਼ਹਿਰ, 21 ਅਕਤੂਬਰ :

ਭਾਸ਼ਾ ਵਿਭਾਗ, ਪੰਜਾਬ ਵਲੋਂ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਪ੍ਰਚਾਰ, ਪ੍ਰਸਾਰ ਲਈ ਸਮੇਂ-ਸਮੇਂ 'ਤੇ ਗਤੀਵਿਧੀਆਂ ਉਲੀਕੀਆਂ ਜਾਂਦੀਆਂ ਹਨ। ਇਸੇ ਤਹਿਤ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਜਸਵੰਤ ਸਿੰਘ ਜ਼ਫ਼ਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਭਾਸ਼ਾ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਹਰਕੀਰਤ ਸਿੰਘ ਜ਼ਿਲ੍ਹਾ ਭਾਸ਼ਾ ਅਫ਼ਸਰ ਦੀ ਅਗਵਾਈ ਵਿਚ ਸਥਾਨਕ ਦੋਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਵਿਖੇ ਵੱਖ-ਵੱਖ ਵਰਗਾਂ ਦੇ ਬਾਲ-ਗਿਆਨ ਕੁਇਜ਼ ਮੁਕਾਬਲੇ ਕਰਵਾਏ ਗਏ ਵਰਗ (ਛੇਵੀਂ ਤੋਂ ਅੱਠਵੀਂ) ਵਿਚ ਐਮ.ਆਰ. ਸਿਟੀ ਪਬਲਿਕ ਸਕੂਲ ਬਲਾਚੌਰ ਦੇ ਵਿਦਿਆਰਥੀ ਨਵਕਰਨ ਸਿੰਘ ਨੇ ਪਹਿਲਾ, ਸਰਕਾਰੀ ਹਾਈ ਸਕੂਲ ਚਾਂਦਪੁਰ ਰੁੜਕੀ ਦੀ ਵਿਦਿਆਰਥਣ ਨਵਦੀਪ ਕੌਰ ਨੇ ਦੂਜਾ ਅਤੇ ਐਮ.ਆਰ. ਸਿਟੀ ਪਬਲਿਕ ਸਕੂਲ ਬਲਾਚੌਰ ਦੇ ਵਿਦਿਆਰਥੀ ਗੁਰਕੀਰਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ ? ਇਸੇ ਪ੍ਰਕਾਰ 'ਅ' ਵਰਗ (ਨੌਵੀਂ ਤੋਂ ਬਾਰ੍ਹਵੀਂ) ਵਿੱਚ ਅਮਰਦੀਪ ਸੀਨੀ. ਸੈਕੰ. ਸਕੂਲ ਮੁਕੰਦਪੁਰ ਦੀ ਵਿਦਿਆਥਣ ਕ੍ਰੀਤਿਕਾ ਨੇ ਪਹਿਲਾ, ਕੈਂਬਰਿਜ ਇੰਟਰਨੈਸ਼ਨਲ ਸਕੂਲ ਕਰੀਹਾ ਦੀ ਵਿਦਿਆਰਥਣ ਖੁਸ਼ਦੀਪ ਕੌਰ ਨੇ ਦੂਜਾ ਅਤੇ ਸਰਕਾਰੀ ਸੀਨੀ. ਸੈਕੰ. ਸਕੂਲ ਫਰਾਲਾ ਦੀ ਵਿਦਿਆਰਥਣ ਸੁਖਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ. ਇਸੇ ਤਰ੍ਹਾਂ ਵਰਗ (ਗ੍ਰੇਜੁਏਸ਼ਨ) ਵਿੱਚੋਂ ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਂਸਟੀਚਿਊਟ ਕਾਲਜ, ਬਲਾਚੌਰ ਦੀ ਵਿਦਿਆਥਣ ਕੰਚਨ ਨੇ ਪਹਿਲਾ, ਐਮ.ਬੀ.ਜੀ. ਸਰਕਾਰੀ ਕਾਲਜ ਪੋਜੇਵਾਲ ਦੇ ਵਿਦਿਆਰਥੀ ਹਰਪ੍ਰੀਤ ਸਿੰਘ ਨੇ ਦੂਜਾ ਅਤੇ ਬੀ.ਐੱਲ.ਐਮ. ਗਰਲਜ਼ ਕਾਲਜ ਨਵਾਂਸ਼ਹਿਰ ਦੀ ਵਿਦਿਆਰਥਣ ਗਗਨਦੀਪ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ ? ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਰੱਖੇ ਸਮਾਗਮ ਵਿੱਚ ਪ੍ਰਿੰਸੀਪਲ ਸ. ਰਾਜਿੰਦਰ ਸਿੰਘ ਗਿੱਲ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਸ. ਹਰਕੀਰਤ ਸਿੰਘ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਰਟੀਫ਼ਿਕੇਟ ਅਤੇ ਨਗਦ ਰਾਸ਼ੀ ਨਾਲ਼ ਸਨਮਾਨਿਤ ਕੀਤਾ ਗਿਆ ?ਕੁਇਜ਼ ਮੁਕਾਬਲੇ ਦਾ ਸੰਚਾਲਨ ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਦੁਆਰਾ ਕੀਤਾ ਗਿਆ। ਇਸ ਮੁਕਾਬਲੇ ਵਿੱਚ ਜੱਜਮੈਂਟ ਦਾ ਕੰਮ ਸਰਕਾਰੀ ਸੀਨੀ. ਸੈਕੰ. ਸਕੂਲ ਗੋਬਿੰਦਪੁਰ ਤੋਂ ਲੈਕ.ਸੁਭਾਸ਼, ਸਰਕਾਰੀ ਸੀਨੀ. ਸੈਕੰ. ਸਕੂਲ ਮੁਕੰਦਪੁਰ ਤੋਂ ਲੈਕ.ਰਾਮ ਲੁਭਾਇਆ, ਸਰਕਾਰੀ ਸੀਨੀ. ਸੈਕੰ. ਸਕੂਲ ਲਧਾਣਾ ਝਿੱਕਾ ਤੋਂ ਲੈਕ.ਬੂਟਾ ਲਾਲ ਅਤੇ ਸਰਕਾਰੀ ਸੀਨੀ. ਸੈਕੰ. ਸਮਾਰਟ ਸਕੂਲ ਤੋਂ ਗੁਰਜਿੰਦਰ ਸਿੰਘ ਨੇ ਨਿਭਾਇਆ। ਇਸ ਮੌਕੇ ਭਾਸ਼ਾ ਵਿਭਾਗ ਤੋਂ ਅਰਸ਼ਦੀਪ ਸਿੰਘ (ਕਲਰਕ) ਹਨੀ ਕੁਮਾਰ ਸੇਵਾਦਾਰ ਅਤੇ ਚਰਨਜੀਤ ਸਿੰਘ (ਸੇਵਾਦਾਰ) ਮੌਜੂਦ ਰਹੇ।

ਪੱਲੇਦਾਰ ਬਹਾਦਰ ਸਿੰਘ ਦੁੱਲਮਾ ਨੇ ਕੀਤਾ ਵੋਟਰਾਂ ਤੇ ਸਪੋਟਰਾਂ ਦਾ ਧੰਨਵਾਦ

ਆਜ਼ਾਦ ਸੋਚ,
ਡਾ. ਮਹਿਬੂਬ,
ਸੰਦੌੜ, 21 ਅਕਤੂਬਰ:

ਹਲਕਾ ਮਲੇਰਕੋਟਲਾ ਦੇ ਸੰਦੌੜ ਨੇੜਲੇ ਪਿੰਡ ਦੁੱਲਮਾ ਕਲਾ ਤੋਂ ਸਰਪੰਚੀ ਦੀ ਚੋਣ ਜਿੱਤੇ ਪੱਲੇਦਾਰ ਬਹਾਦਰ ਸਿੰਘ ਦੁੱਲਮਾ ਕਲਾਂ ਵਲੋਂ ਅੱਜ ਗੁਰਦੁਆਰਾ ਸਹਿਬ ਪਿੰਡ ਦੁੱਲਮਾ ਵਿਖੇ ਮੱਥਾ ਟੇਕ ਕੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਅਦਾ ਕੀਤਾ ਗਿਆ ਇਸ ਉਪਰੰਤ ਸਰਪੰਚੀ ਜਿੱਤਣ ਦੀ ਖੁਸ਼ੀ ਵਿੱਚ ਉਨਾਂ ਪਿੰਡ ਵਿੱਚ ਲੱਡੂ ਵੰਡੇ ਗਏ ।ਉਨਾਂ ਸਾਰੇ ਪਿੰਡ ਵਾਸੀਆਂ ਅਤੇ ਉਹਨਾਂ ਨਾਲ ਦਿਨ ਰਾਤ ਮਿਹਨਤ ਕਰਨ ਵਾਲੇ ਵੋਟਰਾਂ ਤੇ ਸਪੋਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਪੰਚ ਬਹਾਦਰ ਸਿੰਘ ਨੇ ਕਿਹਾ ਕਿ ਪਿੰਡ ਵਾਸੀਆਂ ਦੀਆਂ ਉਮੀਦਾਂ ਦੇ ਪੂਰਾ ਉਤਰਾਂਗਾ ਪਿੰਡ ਵਿੱਚ ਕਿਸੇ ਨਾਲ ਵੀ ਵੈਰ ਵਿਰੋਧ ਨਹੀਂ ਕਰਾਂਗਾ। ਸਾਰੇ ਪੰਚਾਇਤ ਮੈਂਬਰਾਂ ਨੂੰ ਨਾਲ ਲੈਕੇ ਚੱਲਾਂਗਾ। ਉਨਾਂ ਕਿਹਾ ਕਿ ਪਿੰਡ ਦੇ ਵਿਕਾਸ ਕਾਰਜ ਜਿਸ ਵਿੱਚ ਪੈਲਸ ,ਪਲੇਅ ਗਰਾਉਂਡ ਅਤੇ ਬੱਚਿਆਂ ਨੂੰ ਨਸ਼ਾ ਮੁਕਤ ਕੀਤਾ ਜਾਵੇਗਾ ।ਚੋਣ ਦੌਰਾਨ ਕੁਲਵੰਤ ਸਿੰਘ,ਬਲਵਿੰਦਰ ਸਿੰਘ,ਪ੍ਰਕਾਸ਼ ਕੌਰ, ਜਸਪ੍ਰੀਤ ਕੌਰ, ਇੰਦਰਜੀਤ ਸਿੰਘ ਆਦਿ ਪੰਚਾਇਤ ਮੈਬਰ ਚੁਣੇ ਗਏ ।ਸਾਬਕਾ ਸਰਪੰਚ ਗੁਰਪਾਲ ਸਿੰਘ ਕੈਨੇਡਾਂ ਨੇ ਕਿਹਾ ਕਿ ਸ. ਬਹਾਦਰ ਸਿੰਘ ਨੂੰ ਚੋਣ ਲੜਾਈ ਗਈ ਬਹਾਦਰ ਸਿੰਘ ਚੋਣ ਜਿੱਤ ਗਿਆ ਹੁਣ ਅਸੀ ਇਹ ਜਿੰਮੇਵਾਰੀ ਬਹਾਦਰ ਸਿੰਘ ਨੂੰ ਦਿੱਤੀ ਹੈ ।ਪਿੰਡ ਵਿੱਚ ਵਿਕਾਸ ਪਹਿਲਾਂ ਵਾਂਗ ਰਲ ਮਿਲਕੇ ਕੀਤੇ ਜਾਣਗੇ।

ਕਿਸਾਨਾਂ ਦੇ ਖਾਤਿਆਂ ਵਿੱਚ 62.35 ਕਰੋੜ ਦੀ ਹੋਈ ਅਦਾਇਗੀ : ਡਿਪਟੀ ਕਮਿਸ਼ਨਰ

ਆਜ਼ਾਦ ਸੋਚ,
ਗੁਲਜ਼ਾਰ ਮਦੀਨਾ,
ਸਾਦਿਕ, 21 ਅਕਤੂਬਰ :

ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਦੱਸਿਆ ਕਿ ਜ਼ਿਲ੍ਹੇ ਦੀਆ ਮੰਡੀਆ ਵਿੱਚ ਝੋਨੇ ਦੀ ਖਰੀਦ ਦਾ ਕੰਮ ਲਗਾਤਾਰ ਜਾਰੀ ਹੈ ਜ਼ਿਲ੍ਹੇ ਦੀਆਂ 68 ਮੰਡੀਆਂ ਅਤੇ 20 ਆਰਜੀ ਖਰੀਦ ਕੇਂਦਰਾਂ ਵਿਚ ਬੀਤੀ ਸ਼ਾਮ ਤੱਕ ਲਗਭਗ 86131 ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿਚੋਂ 62877 ਟਨ ਝੋਨੇ ਦੀ ਵੱਖ-2 ਸਰਕਾਰੀ ਏਜੰਸੀਆਂ ਵੱਲੋਂ ਖਰੀਦ ਕੀਤੀ ਜਾ ਚੁੱਕੀ ਹੈ। ਇਹਨਾਂ ਖਰੀਦ ਕੇਂਦਰਾਂ ਵਿਚ ਲਗਭਗ 5100 ਟਨ ਝੋਨੇ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ 4953 ਕਿਸਾਨਾਂ ਨੂੰ ਬਣਦੀ 64.18 ਕਰੋੜ ਵਿਚੋਂ 62.35 ਕਰੋੜ ਦੀ ਅਦਾਇਗੀ ਕਰ ਦਿੱਤੀ ਗਈ ਹੈ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਬਿਲਕੁਲ ਸੁੱਕਾ ਝੋਨਾ ਹੀ ਮੰਡੀ ਵਿੱਚ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਵਾਤਾਵਰਨ ਦੀ ਸੰਭਾਲ ਲਈ ਪਰਾਲੀ ਨੂੰ ਅੱਗ ਨਾ ਲਗਾ ਕੇ ਆਪਣਾ ਯੋਗਦਾਨ ਪਾਉਣ। ਸ੍ਰੀ ਰਾਜ ਰਿਸ਼ੀ ਮਹਿਰਾ, ਡੀ.ਐਫ.ਐਸ.ਸੀ. ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਵਿਚ 70 ਰਾਈਸ ਮਿਲਾਂ ਨੇ ਆਨਲਾਇਨ ਅਲਾਟਮੈਂਟ ਲਈ ਅਪਲਾਈ ਕੀਤਾ ਹੈ, ਜਿਸ ਵਿੱਚੋਂ 63 ਰਾਈਸ ਮਿਲਾਂ ਵੱਖ-2 ਏਜੰਸੀਆਂ ਨੂੰ ਅਲਾਟ ਕਰ ਦਿੱਤੀਆਂ ਗਈਆਂ ਹਨ। ਇਹਨਾਂ ਰਾਇਸ ਮਿਲਾਂ ਵਿਚੋਂ 33 ਮਿਲਾਂ

ਨੇ ਏਜੰਸੀਆਂ ਨਾਲ ਐਗਰੀਮੈਂਟ ਕਰ ਲਏ ਹਨ। ਇਹਨਾਂ ਸਾਰੀਆਂ ਰਾਇਸ ਮਿਲਾਂ ਨੂੰ ਜ਼ਿਲ੍ਹੇ ਦੇ ਵੱਖ-2 ਖਰੀਦ ਕੇਂਦਰਾਂ/ਆਰਜੀ ਫੜ੍ਹਾਂ ਨਾਲ ਲਿੰਕ ਕਰ ਦਿੱਤਾ ਗਿਆ ਹੈ ਤਾਂ ਜੋ ਲਿਫਟਿੰਗ ਦੇ ਕੰਮ ਵਿੱਚ ਕਿਸੇ ਵੀ ਤਰਾਂ ਦੀ ਦਿੱਕਤ ਪੇਸ਼ ਨ

ਸ਼ਹਿਰ ਦੀ ਸਾਫ ਸਫਾਈ ਲਈ ਦੋ ਗੱਡੀਆਂ ਨੂੰ ਦਿੱਤੀ ਝੰਡੀ

ਆਜ਼ਾਦ ਸੋਚ, ਅੰਕੁਸ਼ ਕੁਮਾਰ, ਸ੍ਰੀ ਅਨੰਦਪੁਰ ਸਾਹਿਬ, 21 ਅਕਤੂਬਰ:

==========

ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਸਾਫ ਸੁਥਰਾ ਰੱਖਣ ਦੇ ਲਈ ਕੈਬਨਟ ਮੰਤਰੀ ਹਰਜੋਤ ਸਿੰਘ ਬੈਂਸ ਹਰ ਵੇਲੇ ਤਤਪਰ ਰਹਿੰਦੇ ਹਨ ਸਫਾਈ ਲਈ ਲੋੜੀਦੀਆਂ ਦੋ ਗੱਡੀਆਂ ਨੂੰ ਅੱਜ ਉਹਨਾਂ ਝੰਡੀ ਦੇ ਕੇ ਰਵਾਨਾ ਕੀਤਾ ਇਸ ਸਬੰਧੀ ਜਾਣਕਾਰੀ ਦਿੰਦਿਆਂ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਦੱਸਿਆ ਕਿ ਸਾਡੇ ਕੋਲ ਪਹਿਲਾਂ 7 ਗੱਡੀਆਂ ਹਨ ਅਤੇ ਹੁਣ ਦੋ ਹੋਰ ਗੱਡੀਆਂ ਜੋ ਕਿ 16 ਲੱਖ ਦੀ ਕੀਮਤ ਨਾਲ ਤਿਆਰ ਹੋਈਆਂ ਸੀ ਐਨ ਜੀ ਗੱਡੀਆਂ ਹਨ ਨੂੰ ਕੈਬਨਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਝੰਡੀ ਦੇ ਕੇ ਸ਼ਹਿਰ ਨੂੰ ਅਰਪਣ ਕੀਤਾ ਉਹਨਾਂ ਦੱਸਿਆ ਕਿ ਸ਼ਹਿਰ ਨੂੰ ਸਾਫ ਸੁਥਰਾ ਰੱਖਣਾ ਸਾਡਾ ਮੁੱਖ ਫਰਜ਼ ਹੈ ਜਿਸ ਲਈ ਸਫਾਈ ਸੇਵਕ ਦਿਨ ਰਾਤ ਇੱਕ ਕਰਕੇ ਸੇਵਾ ਨਿਭਾ ਰਹੇ ਹਨ ਉਹਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਤੁਹਾਡੇ ਘਰ ਘਰ ਗੱਡੀਆਂ ਆਉਂਦੀਆਂ ਹਨ ਉਹਨਾਂ ਵਿੱਚ ਹੀ ਕੂੜਾ ਸੁੱਟਿਆ ਜਾਵੇ ਗਿਲਾ ਅਤੇ ਸੁੱਕਾ ਕੂੜਾ ਅਲੱਗ ਅਲੱਗ ਰੱਖਿਆ ਜਾਵੇ ਇਸ ਤੋਂ ਇਲਾਵਾ ਜੋ ਡੰਪ ਬਣਾਏ ਗਏ ਹਨ ਕੇਵਲ ਤੇ ਕੇਵਲ ਕੂੜਾ ਉੱਥੇ ਹੀ ਪਾਇਆ ਜਾਵੇ ਤਾਂ ਜੋ ਟਰਾਲੀਆਂ ਰਾਹੀਂ ਕੂੜੇ ਨੂੰ ਸ਼ਹਿਰ ਤੋਂ ਬਾਹਰ ਰੱਖਿਆ ਜਾ ਸਕੇ ਉਹਨਾਂ ਕਿਹਾ ਅਸੀਂ ਸ਼ਹਿਰ ਦੀ ਸਫਾਈ ਲਈ ਵਚਨਬੱਧ ਹਾਂ ਤੇ ਦਿਨ ਰਾਤ ਇੱਕ ਕਰਕੇ ਕੈਬਨਟ ਮੰਤਰੀ ਹਰਜੋਤ ਸਿੰਘ ਬੈਂਸੀ ਅਗਵਾਈ ਹੇਠ ਸਮੁੱਚੇ ਸ਼ਹਿਰ ਨੂੰ ਸਾਫ ਸੁਥਰਾ ਰੱਖਣਾ ਸਾਡਾ ਮੁੱਢਲਾ ਫਰਜ਼ ਹੈ ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੀ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ ਦੇ ਚੇਅਰਮੈਨ ਡਾਕਟਰ ਸੰਜੀਵ ਗੌਤਮ, ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ, ਜਗਜੀਤ ਸਿੰਘ ਜੱਗੀ ਬਲਾਕ ਪ੍ਰਧਾਨ, ਵਿਕਰਮ ਸਿੰਘ ਸੰਧੂ ਐਮ ਸੀ, ਦਲਜੀਤ ਸਿੰਘ ਕੈਂਥ ਐਮ ਸੀ , ਬੀਬੀ ਬਲਵੀਰ ਕੌਰ ਐਮਸੀ, ਸੁਨੀਲ ਅਢਵਾਲ ਪ੍ਰਧਾਨ ਰੇਹੜੀ ਖੋਖਾ ਯੂਨੀਅਨ, ਵਿਜੇ ਗਰਚਾ , ਇੰਦਰਜੀਤ ਕੌਸ਼ਲ , ਇੰਦਰਜੀਤ ਰਾਜੂ, ਕੇਸਰ ਸਿੰਘ ਸੰਧੂ ਬਲਾਕ ਪ੍ਰਧਾਨ, ਆਦਿ ਹਾਜ਼ਰ ਸਨ

ਸ਼ਤਰੰਜ ਮੁਕਾਬਲੇ ਵਿੱਚ ਤੀਸਰਾ ਸਥਾਨ ਕੀਤਾ ਪ੍ਰਾਪਤ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ, 21 ਅਕਤੂਬਰ :

ਸੀਬੀਐਸਈ ਪੈਟਰਨ ਦੀ ਇਲਾਕੇ ਦੀ ਮਸ਼ਹੂਰ ਵਿਦਿਅਕ ਸੰਸਥਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਦੀ ਖਿਡਾਰਨ ਲਿਪਸਾ ਮਿੱਤਲ ਨੇ ਪਿਛਲੇ ਦਿਨੀ ਹੋਈਆਂ 69ਵੀਆਂ ਪੰਜਾਬ ਸਕੂਲ ਰਾਜ ਪੱਧਰੀ ਖੇਡਾਂ ਜੋ ਕਿ ਮਲੋਰਕੋਟਲਾ ਵਿਖੇ ਹੋਈਆਂ ਸਨ ਵਿੱਚ ਭਾਗ ਲਿਆ ਅਤੇ ਸ਼ਤਰੰਜ (17 ਸਾਲ ਲੜਕੀਆਂ ਦੇ ਵਰਗ ਵਿੱਚ) ਮੁਕਾਬਲੇ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਮੁਖੀ ਸ.ਨਰਪਿੰਦਰ ਸਿੰਘ ਢਿੱਲੋਂ ਅਤੇ ਵਾਈਸ ਪ੍ਰਿੰਸੀਪਲ ਸੀਮਾ ਠਾਕੁਰ ਨੇ ਖਿਡਾਰਨ ਦਾ ਸਕੂਲ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਅਤੇ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਤੇ ਡੀਪੀਈ ਹਰਪ੍ਰੀਤ ਸਿੰਘ,ਕੁਲਵਿੰਦਰ ਕੌਰ,ਭੁਪਿੰਦਰ ਕੌਰ ਆਦਿ ਹਾਜ਼ਰ ਸਨ।

ਜਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਟੈਗੋਰ ਵਿਦਿਆਲਿਆ ਦੇ ਬੱਚਿਆਂ ਦਾ ਸ਼ਾਨਦਾਰ ਪ੍ਰਦਰਸ਼ਨ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ, 21 ਅਕਤੂਬਰ:

ਸੰਗਰੂਰ ਦੇ ਵਾਰ ਹੀਰੋਜ਼ ਸਟੇਡੀਅਮ ਵਿਖੇ 18 ਤੇ 19 ਅਕਤੂਬਰ ਨੂੰ ਹੋਈਆਂ 68ਵੀਆਂ ਅਥਲੈਟਿਕ ਜਿਲ੍ਹਾ ਪੱਧਰੀ ਖੇਡਾਂ ਵਿੱਚ ਟੈਗੋਰ ਵਿਦਿਆਲਿਆ ਲੌਂਗੋਵਾਲ ਦੇ ਅਥਲੀਟਾਂ ਦਾ ਪ੍ਰਦਰਸ਼ਨ ਬਹੁਤ ਵਧੀਆਂ ਰਿਹਾ ਜਿਸ ਵਿੱਚ ਵੱਖ ਵੱਖ ਈਵੈਂਟਾ ਵਿੱਚ ਅਥਲੀਟਾਂ ਨੇ ਪੋਜੀਸ਼ਨਾਂ ਹਾਸਿਲ ਕੀਤੀਆਂ ਜੋ ਕੀ ਨਿਮਨਲਿਖਤ ਅਨੁਸਾਰ ਹਨ :- ਗੁਰਸੇਵਕ ਸਿੰਘ ਨੇ ਅੰਡਰ-17 ਹੈਮਰ ਥਰੋ ਵਿੱਚ ਦੂਜਾ ਸਥਾਨ ਹਾਸਿਲ ਕੀਤਾ ਤੇ ਸਟੇਟ ਲੈਵਲ ਲਈ ਸਿਲੈਕਸ਼ਨ ਕਰਵਾਈ ਅਤੇ ਨਵਜੋਤ ਕੌਰ ਨੇ ਅੰਡਰ -17 ਹੈਮਰ ਥਰੋ ਵਿੱਚ ਤੀਜਾ ਸਥਾਨ ਹਾਸਿਲ ਕੀਤਾ ਤੇ ਲਵਪ੍ਰੀਤ ਕੌਰ ਨੇ ਅੰਡਰ 17-100 ਮੀਟਰ ਹਰਡਲ ਵਿੱਚ ਤੀਜਾ ਸਥਾਨ ਹਾਸਿਲ ਕੀਤਾ ਅਤੇ 18-10-2024 ਦਿਨ ਸ਼ੁਕਰਵਾਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੀਮਾਂ ਵਿੱਚ ਹੋਈਆਂ ਪ੍ਰਾਇਮਰੀ ਸਕੂਲ ਬਲਾਕ ਲੈਵਲ ਖੇਡਾਂ ਵਿੱਚ ਟੈਗੋਰ ਵਿਦਿਆਲਿਆ ਲੌਂਗੋਵਾਲ ਫੁੱਟਬਾਲ ਕੁੜੀਆਂ ਦੀ ਟੀਮ ਨੇ ਬਹੁਤ ਹੀਵਧੀਆਂ ਪ੍ਰਦਰਸ਼ਨ ਕੀਤਾ ਫਾਈਨਲ ਮੈਚ ਵਿੱਚ 8-0 ਦੇ ਵੱਡੇ ਫ਼ਾਸਲੇ ਨਾਲ ਪਹਿਲੀ ਪੁਜੀਸ਼ਨ ਹਾਸਿਲ ਕੀਤੀ ਅਤੇ 6 ਕੁੜੀਆਂ (ਜਸਮੀਤ ਕੌਰ, ਲਵਨੀਤ ਕੌਰ, ਸੁਖਮਨਦੀਪ ਕੌਰ, ਨਵਜੋਤ ਕੌਰ, ਖੁਸਪ੍ਰੀਤ ਕੌਰ, ਤਰਨਵੀਰ ਕੌਰ)ਜਿਲ੍ਹਾ ਲੈਵਲ ਲਈ ਸਿਲੈਕਟ ਹੋਈਆਂ ਅਤੇ ਮੁੰਡਿਆਂ ਦੀ ਫੁੱਟਬਾਲ ਟੀਮ ਨੇ ਦੂਜਾ ਸਥਾਨ ਹਾਸਿਲ ਕੀਤਾ ਤੇ 5 ਮੁੰਡੇ (ਅਰਪਨਜੋਤ ਸਿੰਘ, ਏਕਮ ਸਿੰਘ, ਜੈਪ੍ਰੀਤ ਸਿੰਘ, ਅਨਮੋਲ ਸਿੰਘ, ਮਨਰੂਪ ਸਿੰਘ) ਜਿਲ੍ਹਾ ਲੈਵਲ ਲਈ ਸਿਲੈਕਟ ਹੋਏ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ,ਮੈਨਜਮੈਂਟ ਮੈਂਬਰ ਸ.ਕੁਲਦੀਪ ਸਿੰਘ ਮੰਡੇਰ, ਸ.ਗੋਬਿੰਦ ਸਿੰਘ ਗਿੱਲ ਅਤੇ ਸ੍ਰੀ ਜਤਿੰਦਰ ਰਿਸ਼ੀ ਨੇ ਬੱਚਿਆਂ ਦੀ ਹੌਂਸਲਾ ਅਫ਼ਜਾਈ ਕਰਦਿਆਂ ਖਿਡਾਰੀਆਂ ਦੇ ਮਾਤਾ ਪਿਤਾ ਅਤੇ ਡੀ. ਪੀ. ਈ. ਗੁਰਪ੍ਰੀਤ ਸਿੰਘ, ਡੀ. ਪੀ. ਈ ਮੈਡਮ ਸੁਨੀਤਾ ਸ਼ਰਮਾ ਮੈਡਮ, ਅਤੇ ਪਰਮਿੰਦਰ ਸਿੰਘ ਨੂੰ ਵਧਾਈਆਂ ਦਿੱਤੀਆਂ ।

ਮੰਡੀ ਵਿੱਚ ਲੱਗੇ ਝੋਨੇ ਦੀਆਂ ਬੋਰੀਆਂ ਦੇ ਅੰਬਾਰ, ਲਿਫਟਿੰਗ ਬਿਲਕੁਲ ਨਹੀਂ

ਅਜ਼ਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 21ਅਕਤੂਬਰ:

==========

ਪੰਜਾਬ ਸਰਕਾਰ ਵੱਲੋਂ ਸ਼ੈਲਰ ਮਾਲਕਾਂ ਦੀ ਆਰ.ਓ ਫੀਸ 50 ਰੁਪਏ ਤੋਂ ਘਟਾ ਕੇ 10 ਰੁਪਏ ਕਰਨਾ ਉੱਠ ਤੋਂ ਛਾਲਣੀ ਲਾਹੁਣ ਵਾਲੀ ਗੱਲ ਕੀਤੀ ਹੈ। ਕਿਉਂਕਿ ਇਸ ਨਾਲ ਸ਼ੈਲਰ ਮਾਲਕਾਂ ਨੂੰ ਕੋਈ ਫ਼ਰਕ ਨਹੀਂ ਪਵੇਗਾ। ਇਸਾ ਸਬੰਧੀ ਲਹਿਰਾਗਾਗਾ ਦੇ ਸ਼ੈਲਰ ਮਾਲਕਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ਕਿ ਸੈਲਰ ਮਾਲਕਾਂ ਦੀ ਮੁੱਖ ਮੰਗ ਝੋਨੇ ਦਾ ਕਸ 67 ਤੋਂ ਘਟਾ ਕੇ 62 ਕਿਲੋ ਪ੍ਰਤੀ ਕੁਇੰਟਲ ਕੀਤਾ ਜਾਵੇ ਅਤੇ ਨੱਕੋ ਨੱਕ ਭਰੇ ਚਾਵਲਾਂ ਦੇ ਗਦਾਮ ਖਾਲੀ ਕੀਤੇ ਜਾਣ। ਉਨਾਂ ਖੁਰਾਕ ਸਪਲਾਈ ਮੰਤਰੀ ਦੇ ਇਸ ਬਿਆਨ ਨੂੰ ਵੀ ਹਾਸੋਹੀਣਾ ਦੱਸਿਆ, ਕਿ ਇਹ 24 ਲੱਖ ਟਨ ਦੇ ਵਿੱਚੋਂ 22 ਲੱਖ ਦੀ ਖਰੀਦ ਹੋ ਚੁੱਕੀ ਹੈ। ਕੱਲ ਕੱਲੀ ਖਰੀਦ ਕਰਨ ਨਾਲ ਕੁਝ ਨਹੀਂ ਹੁੰਦਾ, ਜਦੋਂ ਕਿ ਅਜੇ ਤੱਕ ਕੋਈ ਮਾਲ ਸ਼ੈਲਰਾਂ ਵਿੱਚ ਸਟੋਰ ਨਹੀਂ ਹੋਇਆ ਨਾਂ ਹੀ ਉਦੋਂ ਤੱਕ ਕੀਤਾ ਜਾਵੇਗਾ ਜਦੋਂ ਤੱਕ ਸਰਕਾਰ ਸਾਡੀਆਂ ਮੰਗਾਂ ਨਹੀਂ ਮੰਨਦੀ। ਦੂਜੇ ਪਾਸੇ ਆੜਤੀਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਦਾ ਕਿਸਾਨ, ਸੈਲਰ ਮਾਲਕ, ਆੜਤੀ ਅਤੇ ਮਜ਼ਦੂਰ ਬੇਵਜ੍ਹਾ ਪਰੇਸ਼ਾਨ ਹੋ ਰਹੇ ਹਨ। ਕੇਂਦਰ ਸਰਕਾਰ ਅਕਤੂਬਰ ਵਿੱਚ ਕਾਫੀ ਹੱਦ ਤੱਕ ਗੋਦਾਮ ਖਾਲੀ ਕਰਨ ਦੇ ਕੀਤੇ ਵਾਅਦੇ ਤੋਂ ਵੀ ਮੁਨਕਰ ਹੁੰਦੀ ਜਾ ਰਹੀ ਹੈ। ਉਹਨਾਂ ਕਿਹਾ ਕਿ ਆੜਤੀਏ ਲੱਖਾਂ ਰੁਪਏ ਖਰਚ ਕੇ ਝੋਨੇ ਦੀਆਂ ਬੋਰੀਆਂ ਦੇ ਚੱਕੇ ਲਾ ਰਹੇ ਹਨ ਜੋ ਕਿ ਇਤਿਹਾਸ ਵਿੱਚ ਪਹਿਲੀ ਵਾਰ ਹੈ। ਦੂਜੇ ਪਾਸੇ ਕਿਸਾਨਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਜਾਣ ਬੁਝ ਕੇ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰ ਰਹੀ ਹੈ ਅਤੇ ਸਾਨੂੰ ਉਹਨਾਂ ਦੇ ਹਵਾਲੇ ਕਰਨ ਜਾ ਰਹੀ ਹੈ। ਜਿਸ ਕਾਰਨ ਸਾਨੂੰ ਸੂਬੇ ਦੇ ਮੰਤਰੀਆਂ, ਵਿਧਾਇਕਾਂ ਅਤੇ ਸੰਸਦਾਂ ਦੇ ਘਰਾਂ ਅੱਗੇ ਧਰਨੇ ਲਾ ਕੇ ਆਪਣੀ ਫਸਲ ਵੇਚਣੀ ਪੈ ਰਹੀ ਹੈ। ਉਪਰੋਕਤ ਵੱਖੋ ਵੱਖ ਟੇਡਾਂ ਦੇ ਮਾਲਕਾਂ ਨੇ ਦੱਸਿਆ, ਕਿ ਝੋਨੇ ਦੀ ਕਟਾਈ ਦਾ ਪੂਰੀ ਤਰ੍ਹਾਂ ਜੋਰ ਪੈ ਚੁੱਕਿਆ ਹੈ। ਜਿਸ ਕਾਰਨ ਇਸ ਹਫ਼ਤੇ ਵਿੱਚ ਮੰਡੀਆਂ ਵਿੱਚ ਝੋਨੇ ਅਤੇ ਬੋਰੀਆਂ ਦੇ ਅੰਬਾਰ ਲੱਗ ਜਾਣਗੇ। ਆੜਤੀਆਂ ਨੇ ਇਹ ਵੀ ਦੱਸਿਆ ਕਿ ਸਾਡੇ ਬਹੁਤ ਸਾਰੇ ਖਰੀਦ ਕੇਂਦਰਾਂ ਦੇ ਵਿੱਚ ਸਿਉਂਕ ਹੈ ਜੋ ਬੋਰੀਆਂ ਨੂੰ ਜਲਦੀ ਹੀ ਖਤਮ ਕਰ ਦੇਵੇਗੀ। ਇਸ ਲਈ ਉਪਰੋਕਤ ਸਾਰੇ ਆਗੂਆਂ ਨੇ ਕਿਹਾ ਕਿ ਝੋਨੇ ਦੀ ਖਰੀਦ ਲਿਫਟਿੰਗ ਆਦਿ ਸਬੰਧੀ ਹੱਲ ਕੱਢਿਆ ਜਾਵੇ। ਨਾ ਇਹ ਵੀ ਖਦਸ਼ਾ ਪ੍ਰਗਟਾਇਆ ਕਿ ਜਿਸ ਤਰੀਕੇ ਨਾਲ ਕੀੜੀ ਦੀ ਚਾਲੇ ਕੰਮ ਚੱਲ ਰਿਹਾ ਹੈ ਉਸ ਤਰ੍ਹਾਂ ਤਾਂ 31 ਦਸੰਬਰ ਬੀ ਆਉਣ ਦੀ ਸੰਭਾਵਨਾ ਹੈ।

ਤਰਕਸ਼ੀਲ ਸੁਸਾਇਟੀ ਨੇ ਚੇਤਨਾ ਪਰਖ ਪ੍ਰੀਖਿਆ ਕਰਵਾਈ

ਆਜ਼ਾਦ ਸੋਚ, ਪਰਿੰਸ ਜਿੰਦਲ, ਭੀਖੀ, 21 ਅਕਤੂਬਰ:

==========

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸੂਬੇ ਭਰ 'ਚ ਲਈ ਜਾਣ ਵਾਲੀ ਚੇਤਨਾ ਪਰਖ ਪ੍ਰੀਖਿਆ ਇੱਥੇ ਸਥਾਨਕ ਸਰਕਾਰੀ ਕੰਨਿਆ ਸਮਾਰਟ ਸਕੂਲ ਅਤੇ ਸਰਕਾਰੀ ਸਮਾਰਟ ਸਕੂਲ (ਮੁੰਡੇ) ਵਿਖੇ ਸੁਸਾਇਟੀ ਦੇ ਜੋਨ ਆਗੂ ਭੁਪਿੰਦਰ ਫੌਜੀ ਦੀ ਅਗਵਾਈ ਹੇਠ ਕਰਵਾਈ ਗਈ? ਦੋਵਾਂ ਪ੍ਰੀਖਿਆ ਕੇਂਦਰਾਂ 'ਚ ਕਰੀਬ 220 ਵਿਦਿਆਰਥੀਆਂ ਨੇ ਭਾਗ ਲਿਆ? ਇਸ ਮੌਕੇ ਸੁਸਾਇਟੀ ਆਗੂ ਭੁਪਿੰਦਰ ਫੌਜੀ ਨੇ ਕਿਹਾ ਕਿ ਇਹ ਪ੍ਰੀਖਿਆ ਜਿੱਥੇ ਵਿਦਿਆਰਥੀਆਂ ਦਾ ਬੌਧਿਕ ਵਿਕਾਸ ਕਰਦੀ ਹੈ, ਉੱਥੇ ਹੀ ਅੰਧਵਿਸਵਾਸਾਂ ਖਿਲਾਫ ਜਾਗਰੁਕਤਾ ਪੈਦਾ ਕਰਦੀ ਹੈ? ਇਸ ਮੌਕੇ ਸਰਕਾਰੀ ਕੰਨਿਆ ਸਕੂਲ ਦੇ ਪ੍ਰਿੰਸੀਪਲ ਰਜਿੰਦਰ ਸਿੰਘ, ਸਰਕਾਰੀ ਸਕੂਲ (ਮੁੰਡੇ) ਦੇ ਪ੍ਰਿੰਸੀਪਲ ਪਰਮਜੀਤ ਸਿੰਘ ਸੇਖੋਂ, ਤਰਕਸ਼ੀਲ ਸੁਸਾਇਟੀ ਦੇ ਆਗੂ ਭਰਪੂਰ ਸਿੰਘ ਮੰਨਣ, ਜਸਪਾਲ ਅਤਲਾ, ਬਲਕਾਰ ਅਤਲਾ, ਧਰਮਵੀਰ ਸ਼ਰਮਾ. ਮਨਪ੍ਰੀਤ ਕੌਰ,ਪਰਵੀਨ ਰਾਣੀ, ਰਜਿੰਦਰ ਕੌਰ, ਸੰਧਿਆ ਰਾਣੀ, ਹਰਵਿੰਦਰ ਸਿੰਘ, ਅਮਰੀਕ ਸਿੰਘ, ਗੋਧਾ ਰਾਮ ਆਦਿ ਹਾਜ਼ਰ ਸਨ।

ਪਿੰਡ ਝਾੜੂਆਂ ਦੀ ਸਮੂਹ ਪੰਚਾਇਤ ਨੇ ਹਲਕਾ ਵਿਧਾਇਕ ਗੁਰਲਾਲ ਘਨੌਰ ਤੋਂ ਲਿਆ ਅਸ਼ੀਰਵਾਦ

ਆਜ਼ਾਦ ਸੋਚ, ਅਭਿਸ਼ੇਕ ਸ਼ੂਦ, ਭਾਗ ਸਿੰਘ ਅੰਟਾਲ, ਘਨੌਰ, 21 ਅਕਤੂਬਰ :

ਘਨੌਰ ਨੇੜਲੇ ਪਿੰਡ ਝਾੜੂਆਂ ਦੀ ਸਮੂਹ ਪੰਚਾਇਤ ਨੇ ਹਲਕਾ ਵਿਧਾਇਕ ਗੁਰਲਾਲ ਘਨੌਰ ਤੋਂ ਉਨ੍ਹਾਂ ਦੇ ਗ੍ਰਹਿ ਵਿਖੇ ਜਾ ਕੇ ਅਸ਼ੀਰਵਾਦ ਲਿਆ। ਇਸ ਦੌਰਾਨ ਪਿੰਡ ਦੇ ਨਵੇਂ ਚੁਣੇ ਸਰਪੰਚ ਜਸਵੰਤ ਸਿੰਘ ਬਾਸੀ, ਮਨਪ੍ਰੀਤ ਸਿੰਘ ਪੰਚ, ਗੁਰਵਿੰਦਰ ਸਿੰਘ ਪੰਚ, ਗੁਰਪਾਲ ਸਿੰਘ ਪੰਚ ਅਦਿ ਮੌਜੂਦ ਸਨ। ਇਸ ਮੌਕੇ ਹਲਕਾ ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਸਾਰੇ ਪੰਜਾਬ ਵਿੱਚ ਵਿਕਾਸ ਕਾਰਜਾਂ ਦੀ ਹਨ੍ਹੇਰੀ ਲਿਆਈ ਜਾ ਚੁੱਕੀ ਹੈ। ਪੰਜਾਬ ਦਾ ਹਰ ਵਿਅਕਤੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਖੁਸ਼ ਹੈ। ਉਹਨਾਂ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਪੰਜਾਬ ਵਿੱਚ ਪੰਚਾਇਤੀ ਚੋਣਾਂ ਦੀ ਪ੍ਰਕਿਰਿਆ ਬਹੁਤ ਹੀ ਸ਼ਾਂਤਮਈ ਸਚਾਰੂ ਢੰਗ ਨਾਲ ਅਪਣਾਈ ਗਈ ਹੈ । ਇਸ ਮੌਕੇ ਜੰਗੀਰ ਸਿੰਘ ਬਾਸੀ ਝਾੜੂਆਂ, ਇੰਦਰਜੀਤ ਸਿੰਘ ਸਿੰਘ ਸਿਆਲੂ, ਪਿੰਦਰ ਸਿੰਘ ਸੇਖੋਂ ਸਰਪੰਚ ਬਘੌਰਾ,ਪੀ ਏ ਕੁਲਵੰਤ ਸਿੰਘ ਕੌਚ, ਪੀਏ ਗੁਰਤਾਜ ਸਿੰਘ ਸੰਧੂ,ਹਮਾਰੇ ਪ੍ਰੈਸ ਕਲੱਬ ਨੋ ਕਿਸ ਤਰਾਂਪਰਵਿੰਦਰ ਸਿੰਘ ਸੇਖੋਂ,, ਮਨਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਗੁਰਪਾਲ ਸਿੰਘ, ਕਰਨੈਲ ਸਿੰਘ, ਸਤਬੀਰ ਸਿੰਘ, ਸੁਖਪ੍ਰੀਤ ਸਿੰਘ ਬਾਸੀ,ਕੁਲਵੀਰ ਸਿੰਘ, ਕੁਲਵੰਤ ਸਿੰਘ, ਅਮਰਜੀਤ ਸਿੰਘ, ਦਲਜੀਤ ਸਿੰਘ, ਹਰਬੰਸ ਸਿੰਘ, ਸੁਖਜੀਤ ਸਿੰਘ, ਨਿਰਮਲ ਸਿੰਘ ਪਟਵਾਰੀ, ਅਵਤਾਰ ਸਿੰਘ, ਸੁਖਦੇਵ ਸਿੰਘ,ਰਾਮ ਲਾਲਾ ਸਿੰਘ, ਹਰਮੀਤ ਸਿੰਘ, ਦਲਜੀਤ ਸਿੰਘ ਬਾਸੀ,ਭਿੰਦਰ ਸਿੰਘ, ਨਛੱਤਰ ਸਿੰਘ ਬਾਸੀ, ਰਮਨਦੀਪ ਸਿੰਘ,ਸੁਖਜਿੰਦਰ ਸਿੰਘ ਆਦਿ ਮੌਜੂਦ ਸਨ। ਸਰਪੰਚ ਜਸਵੰਤ ਸਿੰਘ ਬਾਸੀ ਨੇ ਕੀਹਾ ਕਿ ਅਸੀ ਪਿੰਡ ਦੀ ਭਲਾਈ ਲਈ ਵਚਨਬੱਧ ਹਾਂ ਅਤੇ ਪਿੰਡ ਦੇ ਵਿਕਾਸ ਪੁਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਵਾਂਗੇ। ਪਿੰਡ ਝਾੜੂਆਂ ਦੀ ਸਮੂਹ ਪੰਚਾਇਤ ਨਾਲ ਰਲ ਕੇ ਪਿੰਡ ਦੇ ਵਿਕਾਸ ਲਈ ਹਰ ਸੰਭਵ ਕੋਸ਼ਿਸ਼ ਕਰਨ ਦਾ ਵਿਸ਼ਵਾਸ ਦਿਵਾਇਆ।

ਮੰਤਰੀ ਦੇ ਦਫਤਰ ਅੱਗੇ ਧਰਨਾ ਚੌਥੇ ਦਿਨ ਵੀ ਜਾਰੀ

ਅਜ਼ਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 21 ਅਕਤੂਬਰ:

==========

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਲਹਿਰਾਗਾਗਾ ਵੱਲੋਂ ਕੈਬਨਟ ਮੰਤਰੀ ਬਰਿੰਦਰ ਗੋਇਲ ਦੇ ਦਫਤਰ ਅੱਗੇ ਲਾਇਆ ਪੱਕਾ ਮੋਰਚਾ ਅੱਜ ਲਗਾਤਾਰ ਚੌਥੇ ਦਿਨ ਵੀ ਜਾਰੀ ਰਿਹਾ। ਬਲਾਕ ਦੇ ਕਾਰਜ਼ਕਾਰੀ ਪ੍ਰਧਾਨ ਬਹਾਦਰ ਸਿੰਘ ਭਟਾਲ ਖੁਰਦ ਅਤੇ ਬਲਾਕ ਮੀਤ ਪ੍ਰਧਾਨ ਸੂਬਾ ਸਿੰਘ ਸੰਗਤਪੁਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਸਮੇਂ ਕਿਹਾ ਕਿ ਮੌਕੇ ਦੀ ਪੰਜਾਬ ਅਤੇ ਸੈਂਟਰ ਦੀ ਸਰਕਾਰ ਕਿਸਾਨਾਂ, ਮਜ਼ਦੂਰਾਂ ਨਾਲ ਧੱਕਾ ਕਰ ਰਹੀ ਹੈ। ਪੂਰੇ ਪੰਜਾਬ ਅੰਦਰ ਝੋਨੇ ਦੀ ਬੇਕਦਰੀ ਹੋ ਰਹੀ

ਦਿਵਾਲੀ ਅਤੇ ਵਿਸ਼ਕਰਮਾ ਮੌਕੇ ਧੂਰੀ ਵਿਸ਼ੇਸ਼ ਸਪਲੀਮੈਂਟ ਭਾਗ-ਪਹਿਲਾਂ

ਗੋਪਾਲ ਵਰਮਾ 76960-56624, 62809-61805
ਕਹੇਰੂ ਵਾਲਿਆਂ ਦੀ ਮਸ਼ਹੂਰ ਤੁਹਾਡੀ ਆਪਣੀ ਦੁਕਾਨ
ਗੋਪਾਲ ਜਵੈਲਰ
ਪਟਿਆਲਾ ਵਾਲੀ ਗਲੀ, ਧੂਰੀ
ਇੱਥੇ ਸੋਨੇ ਚਾਂਦੀ ਦੇ ਜੇਵਰ ਹਰ ਸਮੇਂ ਤਿਆਰ ਮਿਲਦੇ ਹਨ।
ਨੋਟ: ਇੱਥੇ ਫੋੜੇ ਫਿੰਨਸੀਆਂ ਅਤੇ ਮੂੰਹ ਦੀਆਂ ਛਾਈਆਂ ਦੀ ਦਵਾਈ ਮਿਲਾਦੀ ਹੈ।

ਜਗਪਾਲ ਸਿੰਘ 01675-227501 (S) 01675-222279 (R) 98558-27501 (M)
ਚਾਂਗਲੀ ਵਾਲਿਆਂ ਦੀ ਪੁਰਾਣੀ ਹੱਟੀ
ਜਗਰੂਪ ਜਵੈਲਰ
ਪਟਿਆਲਾ ਵਾਲੀ ਗਲੀ, ਧੂਰੀ
ਪ੍ਰੋ. ਜਗਪਾਲ ਸਿੰਘ, ਚੰਨਪ੍ਰੀਤ ਸਿੰਘ (ਰਿੰਕੂ), ਹਰਪ੍ਰੀਤ ਸਿੰਘ (ਹੈਰੀ)
Spl. In GOLD & SILVER JEWELLERY
Lucky Stone are available here.

ਰਾਕੇਸ਼ ਜਿੰਦਲ 97803-27269
ਗੌਰਵ ਜਿੰਦਲ 98886-51245
98884-74527
ਨਿੱਕਾ ਰਾਮ ਦੀ ਹੱਟੀ
ਪਟਿਆਲਾ ਸਵੀਟਸ
ਵਧੀਆ ਕੁਆਲਿਟੀ ਦੀ ਮਿਠਾਈ ਅਤੇ ਨਮਕੀਨ ਦੀ ਮਸ਼ਹੂਰ ਦੁਕਾਨ ਇੱਥੇ ਵਿਆਹ ਸ਼ਾਦੀਆਂ ਅਤੇ ਹੋਰ ਫੰਕਸ਼ਨਾਂ ਲਈ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।
ਚੌਂਕ ਪਟਿਆਲਾ ਸਟਰੀਟ, ਧੂਰੀ (ਸੰਗਰੂਰ)
ਫੋਨ: 01675-227269 (ਦੁਕਾਨ)

ਮੇਜਰ ਸਿੰਘ 98721-61570 70874-81147
ਸ਼ਿਵ ਸਵੀਟਸ
ਇੱਥੇ 100 ਬੰਦਿਆਂ ਦੀ ਪਾਰਟੀ ਲਈ ਬੈਠਣ ਦਾ ਖਾਸ ਪ੍ਰਬੰਧ ਹੈ।
ਨੋਟ: 5 ਕਿਲੋਮੀਟਰ ਦੇ ਏਰੀਏ ਵਿੱਚ ਕੋਈ ਪੇਲੈਸ ਬੁੱਕ ਕਰਵਾਉਣ ਲਈ, ਪਰ ਪਲੇਟ
ਮਲੌਦ ਰੋਡ, ਕੁੱਪ ਕਲਾਂ, ਜ਼ਿਲ੍ਹਾ ਮਲੇਰਕੋਟਲਾ
ਇੱਥੇ ਕਾਰੀਗਰਾਂ ਦਾ ਖਾਸ ਪ੍ਰਬੰਧ ਹੈ।

ਮੁਹੰਮਦ ਫ਼ੈਸਲ (ਮਾਲੇਰਕੋਟਲਾ ਵਾਲੇ) 98037-57786 98888-22845
ਫ਼ੈਸਲ ਸਵੀਟਸ ਸ਼ਾਪ
ਇੱਥੇ ਵਿਆਹ ਸ਼ਾਦੀਆਂ ਲਈ ਹਰ ਤਰ੍ਹਾਂ ਦੀਆਂ ਤਾਜ਼ੀਆਂ ਮਿਠਾਈਆਂ ਦੇ ਆਰਡਰ ਬੁੱਕ ਕੀਤੇ ਜਾਂਦੇ ਹਨ। ਦੁੱਧ, ਪਨੀਰ, ਖੋਆ, ਦਹੀਂ ਆਦਿ ਵੀ ਮਿਲਦਾ ਹੈ।
ਕੁੱਪ ਕਲਾਂ, ਜ਼ਿਲ੍ਹਾ ਮਲੇਰਕੋਟਲਾ

YOGESH VERMA 98144-70898 90565-70898
Prem Jewellers
Kaheru Wale
Spl. in : Gold & Silver Jewellery.
PATIALA STREET, DHURI-148024 (Pb.)

Deepak Verma 98883-01851 (M)
Sanjeev Verma 98883-96785 (M)
01675-222638 (S)
Ravi JEWELLERS
All kinds of Gold & Silver Ornaments
22CT. in K.D.M. 100% Returnable
Lucky Stones also available here.
Sadar Bazar, Near Patiala Street, Dhuri

Harman
HOTEL I SWEETS I BAKERY I DAIRY
ਇੱਥੇ ਵਿਆਹ ਸ਼ਾਦੀਆਂ ਲਈ ਹਰ ਤਰ੍ਹਾਂ ਦੀਆਂ ਤਾਜ਼ੀਆਂ ਮਿਠਾਈਆਂ ਦੇ ਆਰਡਰ ਬੁੱਕ ਕੀਤੇ ਜਾਂਦੇ ਹਨ।
hotelharmans@gmail.com
ਸਾਹਮਣੇ ਸੰਗਰੂਰ ਵਾਲੀ ਕੋਠੀ, ਪੁਰਾਣੀ ਅਨਾਜ ਮੰਡੀ, ਧੂਰੀ
M. 94075-00095

ਰਾਜਵੀਰ ਸਿੰਘ ਜਵੰਧਾ (ਭਸੌੜ) 90235-20007 98554-51007 75894-70070
ਜਵੰਧਾ ਮਿਲਕ ਡੇਅਰੀ
ਇੱਥੇ ਦੁੱਧ, ਘੀ, ਪਨੀਰ, ਮੱਖਣ, ਦਹੀਂ, ਕਰੀਮ ਅਤੇ ਲੱਸੀ ਹਰ ਸਮੇਂ ਤਿਆਰ ਮਿਲਦੀ ਹੈ।
ਨੋਟ: ਇੱਥੇ ਵਿਆਹ-ਸ਼ਾਦੀਆਂ ਲਈ ਆਡਰ ਬੁੱਕ ਕੀਤੇ ਜਾਂਦੇ ਹਨ।
ਨੇੜੇ ਸੁੱਖਾ ਸਿੰਘ ਗੁਰਦੁਆਰਾ, ਧੂਰੀ।

1 ਗ੍ਰਾਮ ਗੋਲਡ ਜਵੈਲਰੀ ਘਰ ਬੈਠਕੇ ਮੰਗਵਾਓ 97819-12111 98558-27501
Shree Jewellers
Changli Wale
Spl. in : Gold & Silver Jewellery.
PATIALA STREET, DHURI-148024 (Pb.)

Milan Hotel & Restaurant
AC & NON AC Rooms Available
Reception 90537-22525
Malerkotla Road, Near Ratna Resort, Dhuri, Distt.- Sangrur

Shiv Kumar (Prop.) 98724-25414, 98888-25414, 78373-33265
0% ਵਿਆਜ ਤੇ BAJAJ FINSERV HDB FINANCIAL SERVICES From the trusted family of HDFC Bank Ltd.
SHRI BALA JI INDUSTRIES
Distributer:- All types of Gift Items, Bone China & Imported Fancy Crockery
Opp. Ashoka Farm House, Totapuri Road, Dhuri

ਜੈਨ ਘੜੀਆਂ ਵਾਲੇ
JAIN MOBILE WORLD
VIVO EXCLUSIVE STORE
0% ਵਿਆਜ਼ ਤੇ.....
ਆਸਾਨ ਕਿਸ਼ਤਾਂ ਤੇ ਮੋਬਾਇਲ ਖਰੀਦੋ।
ZERO PERCENT INTREST & NO COST EMI ON CREDIT CARD
HDB FINANCIAL SERVICES, ICICI Bank Credit Cards, kotak Kotak Mahindra Bank, HDFC BANK, BAJAJ FINSERV, AXIS BANK Credit Card
All-Phone & Apple Products Available on ZERO PERCENT INTEREST NO COST EMI
ਸਦਰ ਬਜ਼ਾਰ, ਰੇਲਵੇ ਸਟੇਸ਼ਨ ਰੋਡ, ਧੂਰੀ
78377-23223, 97000-04765

AMRISH 98554-64999 DIVYA 98148-50999
A.K. COLLECTION
(Singapore Wale)
Visit to see the Difference
Near Kakarwal Bridge, Dhuri
Ph. 01675-501101

99140-15001, 98551-42001
REDTAPE BLACK BUCK JOCKEY
VARDHMAN GARMENTS
Ladies, Gents & Kids Garments
JEANS SHIRTS KIDS WEAR T-SHIRTS JACKETS
BACKSIDE PNB MEIN, RAJWAHA ROAD, DHURI.

SHRI BALA JI PROPERTY ADVISOR
DEALS IN: ALL KINDS OF PROPERTIES
M.D. ASHISH DHAND 70874-83378
RISHAV DHAND 98725-45460

ਜ਼ਰੂਰਤਮੰਦ ਲੜਕੀਆਂ ਦੇ ਵਿਆਹ
ਵਿਆਹਾਂ ਦਾ ਸਥਾਨ:- ਮੰਗਲਾ ਆਸ਼ਰਮ (ਗਊਸ਼ਾਲਾ), ਮਲੇਰਕੋਟਲਾ ਰੋਡ, ਧੂਰੀ।
ਸ਼ਿਵ ਭੋਲਾ ਸੇਵਾ ਸੰਮਤੀ ਰਜੀਕੇ
ਵੱਲੋਂ:- ਸ਼ਹਿਰ ਦੀਆਂ ਸਾਰੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਲੜਕੀਆਂ ਦੇ ਵਿਆਹ ਕੀਤੇ ਜਾਣਗੇ।
ਰਜਿੰਦਰ ਸ਼ਰਮਾ, ਪ੍ਰਧਾਨ, ਮੋ.: 94176-66354

WESTERN UNION TRANSFAST WU MoneyGram Ria flywire
BHUSHAN 98727-69844
BHUSHAN ENTERPRISES
ਨੋਟ: ਇੱਥੇ ਵਿਦੇਸ਼ਾਂ ਦੇ ਕਾਲਜਾਂ ਦੀਆਂ ਫੀਸਾਂ ਅਤੇ GIC ਭੇਜੀਆਂ ਜਾਂਦੀਆਂ ਹਨ। ਇੱਥੇ ਵਿਦੇਸ਼ਾਂ ਤੋਂ ਆਏ ਪੈਸੇ ਜਲਦੀ ਅਤੇ ਆਸਾਨ ਤਰੀਕੇ ਨਾਲ ਪ੍ਰਾਪਤ ਕਰੋ।
ਆਧਾਰ ਕਾਰਡ, ਪੈਨ ਕਾਰਡ, ਪਾਸਪੋਰਟ, ਟਿਕਟ ਬੁਕਿੰਗ ਅਤੇ ਮਨੀ ਟ੍ਰਾਂਸਫਰ ਆਦਿ ਕੀਤਾ ਜਾਂਦਾ ਹੈ।
ਕੋਰੀਅਰ ਸਰਵਿਸ
ਇੱਥੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਕਈ ਦੇਸ਼ਾਂ ਵਿੱਚ ਕੱਪੜੇ, ਪੰਜੀਰੀ, ਦਵਾਈਆਂ ਅਤੇ ਭਾਂਡੇ ਆਦਿ ਹਰ ਪ੍ਰਕਾਰ ਦਾ ਸਾਮਾਨ ਭੇਜਣ ਲਈ ਮਿਲੋ।
DHL FedEx
SHOP NO. 3 CANAL SIDE, NEAR KAKARWAL PUL, DHURI

ਜ਼ਿੰਨ੍ਹਾਂ ਤੇ ਸਾਨੂੰ ਮਾਣ ਹੈ

ਅਸ਼ੋਕ ਕੁਮਾਰ ਲੱਖਾ, ਚੈਅਰਮੈਨ ਗਊ ਕਮੀਸ਼ਨ
ਐਸ.ਐਸ. ਚੱਠਾ ਚੈਅਰਮੈਨ, ਵੇਅਰ ਹਾਊਸਿੰਗ ਕਨਟੇਨਰ ਕਾਰਪੋਰੇਸ਼ਨ, ਪੰਜਾਬ
ਸ਼ੁਭਮ ਸ਼ਰਮਾ ਸੂਬੀ, ਜਨਰਲ ਸਕੱਤਰ ਯੂਥ ਕਾਂਗਰਸ ਪੰਜਾਬ
ਸੀਤਾ ਰਾਮ ਜਿੰਦਲ, ਸਮਾਜ ਸੇਵੀ, ਧੂਰੀ
ਰਣਦੀਪ ਦਿਓਲ, ਜ਼ਿਲਾ ਭਾਜਪਾ ਪ੍ਰਧਾਨ, ਸੰਗਰੂਰ
ਤਰਸੇਮ ਲਾਲ ਗੋਇਲ, ਬੱਬਨਪੁਰ ਵਾਲੇ
ਪੁਸ਼ਪਾ ਤਾਇਲ, ਪ੍ਰਧਾਨ ਨਗਰ ਕੌਂਸਲ, ਧੂਰੀ
ਸੰਦੀਪ ਤਾਇਲ (ਪੱਪੂ), ਸਾਬਕਾ ਪ੍ਰਧਾਨ, ਨਗਰ ਕੌਂਸਲ, ਧੂਰੀ
ਹਰੀ ਕ੍ਰਿਸ਼ਨ (ਮਨੀ), ਐਮ.ਸੀ. ਧੂਰੀ
ਪ੍ਰੇਮ ਕੁਮਾਰ, ਠੇਕੇਦਾਰ, ਧੂਰੀ
ਵਿਕਾਸ ਵਰਮਾ, ਪੱਤਰਕਾਰ, ਧੂਰੀ
ਪ੍ਰਦੀਪ ਕੁਮਾਰ ਗਰਗ, ਭਾਜਪਾ ਆਗੂ, ਧੂਰੀ
ਗੁਰਬਖਸ਼ ਸਿੰਘ ਗੁੱਡੂ, ਐਮ.ਡੀ. ਜੀ.ਐਸ. ਧੂਰੀ
ਜਨਕ ਰਾਜ ਮੀਮਸ, ਸਮਾਜ ਸੇਵੀ, ਧੂਰੀ
ਅਸ਼ਵਨੀ ਗੋਇਲ ਧੂਰੀ, ਸੋਨੀ ਬਾਂਗਰੂ
ਰਿੰਕੂ ਬਾਂਸਲ ਜਨਰਲ ਸਕੱਤਰ ਸਟੈਪ ਆਨ ਸੁਸਾਇਟੀ ਗਊ ਧਾਮ ਹਸਪਤਾਲ ਟਰੱਸਟ, ਧੂਰੀ
ਰਾਮ ਨਾਥ ਸਾਰਸ, ਧੂਰੀ
ਵਿੱਕੀ ਸਾਰਸ, ਧੂਰੀ
ਸਾਧੂ ਰਾਮ ਸੀਨੀਅਰ ਵਾਇਸ ਪ੍ਰਧਾਨ, ਨਗਰ ਕੌਂਸਲ
ਅਸ਼ਵਨੀ ਧੀਰ, ਪ੍ਰਧਾਨ ਸਾਬਕਾ ਨਗਰ ਕੌਂਸਲ, ਧੂਰੀ
ਨਰਪਿੰਦਰ ਗੋਰਾ, ਐਮ.ਸੀ. ਧੂਰੀ
ਰਾਜੀਵ ਚੌਧਰੀ, ਧੂਰੀ, ਵਾਇਸ ਪ੍ਰਧਾਨ, ਨਗਰ ਕੌਂਸਲ
ਰਾਕੇਸ਼ ਕੁਮਾਰ ਰਿੰਕੂ ਚੌਧਰੀ, ਐਮ.ਸੀ. ਧੂਰੀ
ਬਲਵਿੰਦਰ ਸਿੰਘ ਬਿੱਲੂ, ਆਪ ਆਗੂ, ਧੂਰੀ

ਜੋ ਜੀਅ ਆਵੇ ਸੋ ਰਾਜੀ ਜਾਵੇ
ਫੋਨ. ਨੰ. 01672-501700, 85589-16713
ਦਿੱਲੀ ਮਲਟੀ ਸਪੈਸ਼ਲਿਟੀ ਹਸਪਤਾਲ
(ਸਾਹਮਣੇ ਮਾਰੂਤੀ ਸ਼ੋ-ਰੂਮ ਧੂਰੀ ਰੋਡ ਸੰਗਰੂਰ)
ਆਯੁਸ਼ਮਾਨ ਕਾਰਡ ਨਾਲ 5 ਲੱਖ ਅਤੇ ਹੋਰ ਬੀਮੇ ਅਧੀਨ ਪ੍ਰਵਾਨਿਤ ਇਲਾਜ ਮੁਫਤ
24 ਘੰਟੇ ਸਰਵਿਸ
ਫੋਰਟਿਸ, ਏਮਜ ਅਤੇ ਹੋਰ ਮਲਟੀ-ਸਪੈਸ਼ਿਲਿਟੀ ਹਸਪਤਾਲਾਂ ਵਿੱਚ ਸੇਵਾ ਨਿਭਾ ਚੁੱਕੇ ਦਿੱਲੀ ਮਲਟੀ- ਸਪੇਸ਼ਲਿਟੀ ਹਸਪਤਾਲ ਵਿੱਚ ਸੇਵਾ ਨਿਭਾ ਰਹੇ ਡਾ. ਰੁਪਿੰਦਰ ਗਰਗ ਦੀ ਟੀਮ ਦੇ
• ਹੱਡੀਆਂ ਦੇ ਜੋੜ ਗੋਡੇ, ਮੋਢੇ, ਕੂਹਣੀ, ਚੂਲਾ ਬਦਲਣ ਦੇ ਅਪ੍ਰੇਸ਼ਨ ਅਤੇ ਡਿਸਕ, ਗਠੀਏ ਦੇ ਪੁਰਾਣੇ ਤੋਂ ਪੁਰਾਣੇ ਦਰਦਾਂ ਦੇ ਸੁਪਰ ਸਪੈਸ਼ੀਲਿਸਟ
ਡਾ. ਸੁਖਜੋਤ ਸਿੰਘ ਸਿੱਧੂ MBBS, M.S Ortho
ਗਰਗ ਨਿਵਾਸ ਨਜਦੀਕ ਸਿਵਲ ਹਸਪਤਾਲ, ਧੂਰੀ ਵਿਖੇ ਮਿਲਦੇ ਹਨ
ਹਰ ਰੋਜ ਸਵੇਰੇ 9 ਵਜੇ ਤੋ 11 ਵਜੇ ਤੱਕ
ਹਰ ਤਰ੍ਹਾ ਦੇ ਕੈਂਸਰ ਦਾ ਇਲਾਜ ਅਤੇ ਕੇਮੋਥੈਰੇਪੀ ਮੁਫਤ
15 ਸਾਲ ਦੇ ਤਜਰਬੇਕਾਰ ਸ਼੍ਰੀ. ਡਾਕਟਰ ਦੀਪਕ ਸਿੰਗਲਾ (MD(Medicine) DM(ONCO)ECFMG(USA)(PDCR) ਵਲੋਂ
ਮਨੁੱਖਤਾਂ ਦੀ ਸੇਵਾ ਵਿੱਚ OPD (ਚੈਕਅੱਪ) ਫੀਸ ਵੀ ਮੁਫਤ
ਹਰ ਵੀਰਵਾਰ ਸਵੇਰੇ 10 ਵਜੇ ਤੋ 2 ਵਜੇ ਤੱਕ
ਸਾਹਮਣੇ ਮਾਰੂਤੀ ਸ਼ੋ-ਰੂਮ ਧੂਰੀ ਰੋਡ ਸੰਗਰੂਰ
ਵਧੀਆ ਇਲਾਜ ਅਤੇ ਬਹੁਤ ਘੱਟ ਖਰਚ ਅਤੇ ਵੱਧ ਸਹੂਲਤਾਂ